ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 104
ਨੰਬਰ 21

੧੬ ਮੱਘਰ ਤੋਂ ੧ ਪੋਹ ੨੦੮੧ ਬਿ.
1 to 15 December 2024

# ਸਤਿਜੁਗ

ਸ੍ਰੀ ਸਤਿਗੁਰੂ ਤੇਗ ਬਹਾਦਰ ਜੀ



10/-

# ਥਾਈਲੈਂਡ ਦੌਰਾ 2 ਤੋਂ 6 ਨਵੰਬਰ 2024

















ਸਤਿਜੁਗ


੧੬ ਮੱਘਰ ਤੋਂ ੧ ਪੋਹ ੨੦੮੧ ਬਿ.
1 ਤੋਂ 15 ਦਸੰਬਰ 2024 ਈ.
ਜਿਲਦ 104, ਨੰਬਰ 21



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ

Editor: Gurlal Singh

Co. Editor - Dr. Khleel Khan, Gurbhagat Singh

ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ.......................................................4
* ਗੁਰਬਾਣੀ ਵਿਆਖਿਆ..........................................6
* ਗੁਰੂ ਤੇਗ਼ ਬਹਾਦਰ
ਗੁਲਵੰਤ ਸਿੰਘ, ਜੀ. ਐਸ. ਆਨੰਦ......................8
* ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਮਨ
ਡਾ. ਧਰਮ ਸਿੰਘ.....................................17
* ਸਿਖ ਧਰਮ ਅਤੇ ਜੀਵ ਹਿੰਸਾ
ਇੰਦਰ ਸਿੰਘ ਚਕ੍ਰਵਰਤੀ...............................19
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................24
* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................27
* Different Singing styles of Gurbani Sangeet
Dr. Gurdeep Singh Sandhu.............................30
* Sarab Dharam Sammelan at Sri Bhaini Sahib
Alla Singh......................................................32
* From the temple to the street: how Sikh kitchens are becoming the new food banks
Jasjit Singh....................................................36
* ਬੱਚਿਆਂ ਦਾ ਪੰਨਾ..........................................................38
* ਖ਼ਬਰਨਾਮਾ.......................................................39
* Matrimonial...............................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਦਲ ਭੰਜਨ ਸੂਰਮੇ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਦੀ ਕੁਖੋਂ ਵੈਸਾਖ ਵਦੀ 1678 ਬਿ. ਮੁਤਾਬਿਕ ਅਪ੍ਰੈਲ 1621 ਈ. ਨੂੰ ਸ੍ਰੀ ਅੰਮ੍ਰਿਤਸਰ ਸਹਿਬ ਹੋਇਆ।

ਆਪ ਨੇ ਜੀਵਨ ਦੇ ਮੁੱਢਲੇ 23 ਸਾਲ ਗੁਰੂ ਪਿਤਾ ਦੇ ਹੁਕਮ ਅਤੇ ਦੇਖ ਰੇਖ ਹੇਠ ਬਤੀਤ ਕੀਤੇ। ਸ਼ਾਸਤਰ ਵਿਦਿਆ ਨਾਲ ਸਸਤਰ ਵਿਦਿਆ ਵਿੱਚ ਵੀ ਆਪ ਨੂੰ ਗੁਰੂ ਪਿਤਾ ਨੇ ਪ੍ਰਬੀਨ ਕੀਤਾ।

ਤਿਆਗ ਅਤੇ ਉਪਰਾਮਤਾ ਵਾਲਾ ਆਪ ਦਾ ਠੰਡਾ ਮਿਠਾ ਸੁਭਾਅ ਹਰ ਦਰਸ਼ਨ ਅਭਿਲਾਸ਼ੀ ਨੂੰ ਮੋਹ ਲੈਂਦਾ। ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤਿ (1644) ਸਮਾਉਣ ਤੋਂ ਬਾਅਦ ਮਾਤਾ ਆਪ ਨੂੰ ਲੈ ਕੇ ਨਾਨਕੇ ਘਰ ਬਾਬੇ ਬਕਾਲੇ ਆ ਗਏ। ਇਥੇ ਆਪ ਦਿਨ ਰਾਤ ਭਜਨ ਬੰਦਗੀ ਵਿੱਚ ਸ਼ਾਤ ਚਿਤ ਵਿਚਰਦੇ ਰਹੇ। ਜਦੋਂ ਆਪ ਜੀ ਨੂੰ ਗੁਰਗੱਦੀ

ਦੀ ਜ਼ਿੰਮੇਵਾਰੀ ਮਿਲੀ ਤਾਂ ਮਨੁੱਖੀ ਭਟਕਨ, ਪਦਾਰਥਕ ਲੋਭ ਲਾਲਚ, ਤ੍ਰਿਸਨਾ ਅਤੇ ਮੋਹ ਵਿੱਚ ਜਕੜੇ ਜੀਵਨ ਦੇ ਉਦਾਰ ਲਈ ਆਪ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੌਰੇ ਸ਼ੁਰੂ ਕੀਤੇ। ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦ "ਮਨ ਜੀਤੇ ਜਗੁ ਜੀਤ" ਦੀ ਵਿਆਖਿਆ ਨੂੰ ਵਿਸਥਰਿਤ ਰੂਪ ਦਿੰਦੀ ਹੋਈ ਆਪ ਜੀ ਦੀ ਬਾਣੀ ਮਨ ਦੀ ਤਾਕਤ ਤੇ ਇਸ ਨੂੰ ਲੱਗਣ ਵਾਲੇ ਰੋਗ ਅਤੇ ਮਨ ਨੂੰ ਈਸ਼ਵਰੀ ਹੁਕਮ ਅਨੁਸਾਰੀ ਕਰਨ ਦੀ ਪ੍ਰਾਪਤੀ ਨੂੰ ਮੁੱਖ ਰੱਖ ਲਿਖੀ।

ਆਪ ਦੀ ਬਾਣੀ ਵਿੱਚ ਮਨ ਕੇਂਦਰੀ ਵਿਸ਼ੇ ਦੇ ਰੂਪ ਵਿੱਚ ਹੈ। ਮਨ ਨੂੰ ਮਨੁੱਖੀ ਕਿਰਿਆ ਦਾ ਕੇਂਦਰੀ ਪ੍ਰੇਰਨਾ ਸੋਮਾ ਮੰਨਿਆ ਜਾਂਦਾ ਹੈ। ਮਨੋਵਿਗਿਆਨ ਵੀ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਸਾਧੋ, ਮਾਈ, ਸੰਤੋ ਆਦਿ ਸੰਬੋਧਨਾ ਦੇ ਨਾਲ-ਨਾਲ ਮਨ ਨੂੰ ਵੀ ਸੰਬੋਧਨ ਕੀਤਾ ਹੈ। ਇਸ ਸੰਬੋਧਨ ਵਿਧੀ ਨਾਲ ਪਾਠਕ ਅੰਦਰ ਇਕ ਚੇਤਨਾ ਦਾ ਵਿਕਾਸ ਹੁੰਦਾ ਹੈ ਜੋ ਉਸ ਨੂੰ ਬਾਣੀ ਪੜ੍ਹਦਿਆਂ ਆਪਣੇ ਧੁਰ ਅੰਦਰ ਨਾਲ ਜੋੜਦੀ ਹੈ।

❀ "ਧਰਮ ਪ੍ਰਚਾਰ ਦੇ ਸਭ ਤੋਂ ਸਫ਼ਲ ਸਾਧਨ ਵਜੋਂ ਜੋ ਜੁਗਤੀ ਗੁਰੂ ਜੀ ਨੇ ਅਪਣਾਈ ਹੈ, ਮਨੋਵਿਗਿਆਨਿਕ ਆਸ਼ੇ ਦੀ ਧਾਰਨੀ ਹੈ। ਬਾਰ-ਬਾਰ ਮਨ ਨੂੰ ਸੰਬੋਧਨ ਕਰਨ ਤੋਂ ਛੁੱਟ ਗੁਰੂ ਜੀ ਨੇ ਮਨ ਦੀ ਹਾਲਤ ਜੋ ਮਾਇਆ ਦੇ ਪ੍ਰਭਾਵ ਹੇਠ ਨੀਵੀਂ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅਸਰ ਵਜੋਂ ਅਤਿ ਮਲੀਨ ਹੈ, ਵੱਲ ਜੋਰਦਾਰ ਸ਼ਬਦਾਂ ਵਿੱਚ ਧਿਆਨ ਦਿਲਾਇਆ ਹੈ।"

ਸ੍ਰੀ ਗੁਰੂ ਤੇਗ ਬਹਾਦਰ ਜੀ ਸਾਰੀ ਬਾਣੀ ਪਾਠਕ ਅੰਦਰ ਵੈਰਾਗ ਭਾਵਨਾ ਪ੍ਰਬਲ ਕਰਦੀ ਹੈ। ਇਹ ਭਾਵਨਾ ਨਾਲ ਹੀ ਮਨੁੱਖ ਨਿਰੰਕਾਰ ਨਾਲ ਜੁੜਣ ਦਾ ਇਛੁੱਕ ਬਣਦਾ ਹੈ। ਨਿਰੰਕਾਰ ਨਾਲ ਮਨੁੱਖ ਦਾ ਪ੍ਰੇਮ ਇਸ ਬਾਣੀ ਦਾ ਹਾਂ ਵਾਚੀ ਪੱਖ ਹੈ। ਇਸ ਪ੍ਰੇਮ ਨੂੰ ਉਤਪਨ ਕਰਨ ਅਤੇ ਪਾਲਣ ਦੀ ਵਿਧੀ ਨਾਮ ਹੈ। ਨਾਮ ਦਾ ਵਿਸ਼ਾ ਜਿਨ੍ਹਾਂ ਵਿਭਿਨ ਜੁਗਤੀਆਂ ਰਾਹੀ ਪੇਸ਼ ਕੀਤਾ ਹੈ ਉਨ੍ਹਾਂ ਦਾ ਅਧਿਐਨ ਭੀ ਬਹੁਤ ਰੌਚਕ ਹੈ।

ਰਾਮ ਸਿਮਰਿ ਰਾਗ ਸਿਮਰਿ ਇਹੈ ਤੇਰੈ ਕਾਜਿ ਹੈ॥
ਕਹੁ ਨਾਨਕ ਭਜੁ ਰਾਮ ਨਾਮੁ ਨਿਤ ਜਾ ਤੇ ਕਾਜੁ ਸਰੈ॥

ਗੁਰੂ ਜੀ ਦੀ ਆਪਣੇ ਪਾਠਕਾਂ ਪ੍ਰਤੀ ਡੂੰਘੀ ਹਮਦਰਦੀ ਹੈ ਉਹ ਵਿਅਰਥ ਜਾ ਰਹੇ ਜੀਵਨ, ਵਿਕਾਰਾਂ ਨਾਲ ਦਿਨ ਰਾਤ ਸਾਂਝ ਕਾਰਨ ਨਾਮ ਵਿਸਾਰ ਚੁੱਕੇ ਮਨੁੱਖ ਨੂੰ ਸੁਹਿਰਦ, ਪ੍ਰੇਮੀ, ਪੂਰਨ ਪੁਰਖ ਬਨਾਉਣਾ ਚਾਹੁੰਦੇ ਹਨ। ਨੌਂਵੇ ਪਾਤਸ਼ਾਹ ਦੀ ਬਾਣੀ ਅਨੁਸਾਰ ਉਚ ਅਵਸਥਾ ਇਸ ਸ਼ਬਦ ਅਨੁਸਾਰੀ ਹੋਣੀ ਚਾਹੀਦੀ ਹੈ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

❀ ਡਾ. ਦੀਵਾਨ ਸਿੰਘ

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਬਹੁਤੀਂ ਸਿਰੀਂ ਬਿਹਾਈਆਂ ਘੜੀਆਂ ਕਾਲ ਕੀਆਂ॥**
ਮੌਤ ਦੀਆਂ ਘੜੀਆਂ ਬਹੁਤਿਆਂ ਦੇ ਸਿਰਾਂ 'ਤੇ ਆ ਗੁਜ਼ਰੀਆਂ।
The death clock had struck on the heads of many.

**ਜਾਣੁ ਨ ਜਾਏ ਮਾਈਆਂ ਜੂਝੇ ਸੂਰਮੇ॥43॥**
ਸੂਰਮੇ ਇਸ ਤਰ੍ਹਾਂ ਲੜ ਕੇ ਮੁੱਕ ਗਏ, ਜਿਵੇਂ ਉਹਨਾਂ ਨੂੰ ਮਾਵਾਂ ਨੇ ਜੰਮਿਆ ਹੀ ਨਾ ਹੋਵੇ।
These brave soldiers died so quickly that it was hard to believe that they had ever been born.

**ਪਉੜੀ॥**
**ਸੁੰਭ ਸੁਣੀ ਕਰਹਾਲੀ ਸ੍ਰਣਵਤਬੀਜ ਦੀ॥**
ਬਚ ਕੇ ਆਏ ਰਾਖਸ਼ਾਂ ਤੋਂ ਸ੍ਰੌਣਤ ਬੀਜ ਦੇ ਦੁੱਖਦਾਈ ਅੰਤ ਦੀ ਕਹਾਣੀ ਰਾਜੇ ਸੁੰਭ ਨੇ ਸੁਣੀ।
ਖਨਿਗ ਸ਼ੁਮਬਹ ਲਸਿਟਏਨਏਦ ਚਓਰਏਡੁਲਲੇ ਟੋ ਟਹਏ ੋਏਡੁਲ ਏਨਦ ੋਡ ਸ਼ਓਰੋੁਨਓਟ-ਭਏਇਜ.

**ਰਣ ਵਿਚਿ ਕਿਨੈ ਨ ਝਾਲੀ ਦੁਰਗਾ ਆਂਵਦੀ॥**
ਜੰਗ ਵਿੱਚ ਆਉਂਦੀ ਦੁਰਗਾ ਦੀ ਝਾਲ ਕਿਸੇ ਨਹੀਂ ਝੱਲੀ।
No one could handle the oncoming onslaught from Durga.

**ਬਹੁਤੇ ਬੀਰ ਜਟਾਲੀ ਉੱਠੇ ਆਖ ਕੈ॥**
ਬਹੁਤ ਸਾਰੇ ਭਿਆਨਕ ਯੋਧੇ ਸੁੰਭ ਨੂੰ ਇਓਂ ਕਹਿਣ ਲੱਗੇ।
The other nightmarish demons asked King Sumbh to…

**ਚੋਟਾਂ ਪਾਨ ਤਬਾਲੀ ਜਾਸਾਂ ਜੁੱਧ ਨੂੰ॥**
ਕਿ ਨਗਾਰਿਆਂ ਤੇ ਚੋਟਾਂ ਲਾਓ, ਅਸੀਂ ਯੁੱਧ ਨੂੰ ਜਾਵਾਂਗੇ।
…sound the war drum and send them to fight.

**ਥਰਿ ਥਰਿ ਪ੍ਰਿਥਮੀ ਚਾਲੀ ਦਲਾਂ ਚੜੰਦਿਆਂ॥**
ਫੌਜਾਂ ਦੀ ਚੜ੍ਹਾਈ ਕਾਰਨ ਧਰਤੀ ਕੰਬ ਉੱਠੀ।
The ground trembled under the march of the demon army.

**ਨਾਉ ਜਿਵੇ ਹੈ ਹਾਲੀ ਸਹ ਦਰੀਆਉ ਵਿਚਿ॥**
ਜਿਵੇਂ ਭਰੇ ਦਰਿਆ ਵਿੱਚ ਬੇੜੀ ਹਿੱਲਦੀ ਹੋਵੇ।
Much like how a boat rocks on a stormy river.

**ਧੂੜਿ ਉਤਾਹਾਂ ਘਾਲੀ ਛੜੀਂ ਤੁਰੰਗਮਾਂ॥**
ਘੋੜਿਆਂ ਦੇ ਖੁਰਾਂ ਨਾਲ ਧੂੜ ਆਕਾਸ਼ ਨੂੰ ਉੱਡੀ।
Dust was thrown into the air by horses.

**ਜਾਣਿ ਪੁਕਾਰੂ ਚਾਲੀ ਧਰਤੀ ਇੰਦ੍ਰ ਥੈ॥44॥**
ਧੂੜ ਦੇ ਰੂਪ ਵਿੱਚ ਧਰਤੀ ਦੀ ਪੁਕਾਰ ਇੰਦਰ ਕੋਲ ਪੁੱਜੀ।
The plight of the earth reached Lord Indra in the form of this dust.

**ਪਉੜੀ॥**
**ਆਹਰੁ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ॥**
ਕੰਮ ਕਰਨ ਵਾਲਿਆਂ ਨੂੰ ਕੰਮ ਲੱਭ ਗਿਆ ਤੇ ਯੋਧਿਆਂ ਨੇ ਫੌਜ ਦੀ ਤਿਆਰੀ ਕੀਤੀ।
Those who needed work found it, and the soldiers prepared for war.

**ਚੱਲੇ ਸਉਹੇਂ ਦੁਰਗਸਾਹ ਜਣੁ ਕਾਬੈ ਹਾਜੀ॥**
ਯੋਧੇ ਦੁਰਗਾ ਦਾ ਸਾਹਮਣਾ ਕਰਨ ਲਈ ਇਓਂ ਚੱਲ ਪਏ,
ਜਿਵੇਂ ਹਾਜੀ ਲੋਕ ਹੱਜ ਕਰਨ ਲਈ ਮੱਕੇ ਨੂੰ ਜਾ ਰਹੇ ਹੋਣ।
They way in which the demon army marched towards Durga,
was as if they were on a pilgrimage to Mecca.

**ਤੀਰੀਂ ਤੇਗੀਂ ਜਮਧੜੀਂ ਰਣ ਵੰਡੀ ਭਾਜੀ॥**
ਤੀਰਾਂ, ਤਲਵਾਰਾਂ ਅਤੇ ਕਟਾਰਾਂ ਦੀ ਜੰਗ ਵਿੱਚ ਭਾਜੀ ਵੰਡੀ ਗਈ।
Arrows, swords and daggers were distributed amongst the fighters.

**ਇਕਿ ਘਾਇਲ ਘੂਮਨ ਸੂਰਮੇ ਜਣੁ ਮਕਤਬ ਕਾਜੀ॥**
ਕਈ ਯੋਧੇ ਜਖ਼ਮੀ ਹੋ ਕੇ ਇਸ ਤਰ੍ਹਾਂ ਚੱਕਰ ਖਾ ਰਹੇ ਸਨ, ਜਿਵੇਂ ਮਦਰੱਸੇ ਵਿੱਚ ਕਾਜੀ ਝੂਮਦੇ ਹੋਣ।
Some of the wounded were pulsating like students in a madarsa classroom.

**ਇਕਿ ਬੀਰ ਪਰੋਤੇ ਬਰਛੀਏਂ ਜਿਉ ਝੁਕ ਪਉਨ ਨਿਵਾਜੀ॥**
ਕਈ ਯੋਧੇ ਬਰਛੀਆਂ ਨਾਲ ਇੰਜ ਪ੍ਰੋਤੇ ਪਏ ਸਨ, ਜਿਵੇਂ ਨਮਾਜ਼ੀ ਨੀਵੇਂ ਝੁਕ ਕੇ ਸਜਦਾ ਕਰਦੇ ਹਨ।
Other's having been struck by daggers assumed the Sujud position
(Islamic praying position).

**ਇਕਿ ਦੁਰਗਾ ਸਉਹੇ ਖੁਨਸ ਕੈ ਖੁਨਸਾਇਨ ਤਾਜੀ॥**
ਕਈ ਦੁਰਗਾ ਦੇ ਸਾਮ੍ਹਣੇ ਗੁੱਸੇ ਵਿੱਚ ਖਿਝ ਕੇ ਘੋੜਿਆਂ ਨੂੰ ਤੇਜ਼ ਕਰ ਰਹੇ ਸਨ।
Some grew even angrier and sped up their horses to attack Durga.

**ਨਾਮਧਾਰੀ ਨਿਤਨੇਮ ਸਟੀਕ ’ਚੋਂ**

# ਗੁਰੂ ਤੇਗ਼ ਬਹਾਦਰ

**ਗੁਲਵੰਤ ਸਿੰਘ, ਜੀ. ਐਸ. ਆਨੰਦ**

ਭਾਰਤ ਦੇ ਧਰਮ-ਚੇਤਨਾ ਤੇ ਧਰਮ-ਸਾਧਨਾ ਦੇ ਇਤਿਹਾਸ ਵਿਚ ਗੁਰਮਤਿ ਆਦਰਸ਼ ਦੀ ਸਥਾਪਨਾ ਅਤਿਅੰਤ ਮਹਤਵਪੂਰਣ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਪੰਜਾਬ ਵਿਚ ਹੋਇਆ ਪਰੰਤੂ ਚਿੰਤਨ, ਨੈਤਿਕਤਾ ਅਤੇ ਕਰਮ ਦਾ ਜੋ ਦ੍ਰਿਸਟੀਕੋਣ ਅਤੇ ਧਰਮ-ਚੇਤਨਾ ਦਾ ਜੋ ਲਕਸ਼ ਗੁਰੂ ਜੀ ਨੇ ਪ੍ਰਸਤੁਤ ਕੀਤਾ ਉਸ ਦੀ ਮਹਾਨਤਾ ਸਰਬ-ਵਿਆਪੀ ਹੈ। ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਦੇ ਆਗਮਨ-ਪ੍ਰਕਾਸ ਦੇ ਨਾਲ ਧਰਮ-ਚੇਤਨਾ ਅਤੇ ਸਦਾਚਾਰਕ ਕਰਤਵ ਦੀ ਇਕ ਐਸੀ ਲਹਿਰ ਪੰਜਾਬ ਵਿਚ ਆਰੰਭ ਹੋਈ ਜਿਸ ਦੇ ਨਤੀਜੇ ਵਜੋਂ ਮਾਨਵ ਵਿਅਕਤਿਤਵ ਦੀ ਨਵੀਨ ਘਾੜਤ ਦਾ ਪ੍ਰਾਰੰਭ ਹੋਇਆ। ਜਿੱਥੇ ਧਰਮ ਦੇ ਨਾਉਂ ਪਰ ਨਾਨਾ ਪ੍ਰਕਾਰ ਦੇ ਛੋਟੇ ਛੋਟੇ ਸੰਪ੍ਰਦਾਇ ਅਤੇ ਉਪ-ਸੰਪ੍ਰਦਾਇ ਮੌਜੂਦ ਸਨ, ਜੋ ਆਪੋ ਆਪਣੇ ਸਿੱਧਾਂਤਾਂ ਅਤੇ ਉਪ-ਸਿੱਧਾਂਤਾਂ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਯਤਨਸੀਲ ਸਨ, ਉਥੇ ਗੁਰੂ ਨਾਨਕ ਦੇਵ ਜੀ ਨੇ ਮਾਨਵ ਵਿਅਕਤਿਤਵ ਦਾ ਇਹ ਸੰਕਲਪ ਪ੍ਰਸਤੁਤ ਕੀਤਾ ਕਿ ਸੱਚਾ ਸੁਚਾ ਅਤੇ ਧਰਮ-ਸੀਲ ਵਿਅਕਤੀ ਉਹੀ ਹੋ ਸਕਦਾ ਹੈ ਜਿਸ ਦੇ ਲਈ ਸਾਰੀ ਮਾਨਵ ਜਾਤੀ ਇਕ ਕੁਟੰਬ ਦੇ ਸਮਾਨ ਹੋਵੇ ਅਤੇ ਜਿਹੜਾ ਸਾਰੇ ਸੰਸਾਰ ਨੂੰ ਪਰਿਵਾਰ ਤੁਲ ਸਮਝਦਾ ਹੋਵੇ। ਏਕਤਾ, ਸਮਾਨਤਾ ਅਤੇ ਸਾਂਝੀਵਾਲਤਾ ਨੂੰ ਸਮਾਜਕ ਜੀਵਨ ਦਾ ਆਧਾਰ ਬਣਾਉਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਕਾਰਣ ਜਿਹੜਾ ਵਿਚਾਰ ਅੰਦੋਲਨ ਹੋਂਦ ਵਿਚ ਆਇਆ ਉਸ ਨੂੰ ਆਪ ਦੇ ਪਰਵਰਤੀ ਗੁਰੁ ਵਿਅਕਤੀਆਂ ਨੇ ਨਾ ਕੇਵਲ ਜਾਰੀ ਰੱਖਿਆ ਸਗੋਂ ਸਮੇਂ ਅਤੇ ਸਥਿਤੀ ਅਨੁਸਾਰ ਉਸ ਵਿਚ ਵਿਸਤਾਰ ਅਤੇ ਵਾਧਾ ਭੀ ਕੀਤਾ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਤ ਵਿਚਾਰ-ਵਿਧਾਨ ਦੀ ਨਿਆਰੀ ਵਿਸ਼ੇਸ਼ਤਾ ਇਹ ਕਹੀ ਜਾ ਸਕਦੀ ਹੈ ਕਿ ਭਾਰਤ ਵਿਚ ਆਪ ਨੇ ਸੰਸਾਰਿਕ ਜੀਵਨ ਅਤੇ ਅਧਿਆਤਮਿਕ ਸਾਧਨਾ ਦੀ ਸਰਹੋਂਦ ਦੀ ਸੋਝੀ ਕਰਾਉਣ ਵਿਚ ਪਹਿਲ ਕੀਤੀ। ਮਹਾਰਾਜ ਨੇ ਹੱਥੀਂ ਕਿਰਤ ਨੂੰ ਪਵਿੱਤਰ ਸਮਝਣ ਦਾ ਮਾਰਗ ਦਰਸਾਉਣ ਵਿਚ ਵੀ ਪਹਿਲ ਕੀਤੀ। ਇਸ ਤਰ੍ਹਾਂ ਵਿਅਕਤੀਗਤ ਅਤੇ ਸਮਾਜਕ ਜੀਵਨ ਅਤੇ ਵਿਵਹਾਰ ਸੰਬੰਧੀ ਹੋਰ ਅਨੇਕ ਪੱਖ ਹਨ ਜਿਨ੍ਹਾਂ ਬਾਰੇ ਇਨਕਲਾਬੀ ਇਹਸਾਸ ਪੈਦਾ ਕਰਨ ਵਿਚ ਗੁਰੂ ਨਾਨਕ ਦੇਵ ਜੀ ਨੇ ਪਹਿਲ ਕੀਤੀ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਨੇ ਲੰਗਰ ਦੀ ਪ੍ਰਥਾ ਕਾਇਮ ਕਰ ਕੇ ਵਿਥ-ਰਹਿਤ ਸਮਾਨਤਾ ਨੂੰ ਅਮਲੀ ਰੂਪ ਦਿੱਤਾ। ਗੁਰੂ ਰਾਮ ਦਾਸ ਜੀ ਨੇ ਅੰਮ੍ਰਿਤਸਰ ਵਸਾਇਆ ਅਤੇ ਇਸ ਤਰ੍ਹਾਂ ਇਕ ਅਜਿਹਾ ਕੇਂਦਰ ਸਥਾਪਿਤ ਕੀਤਾ ਜਿੱਥੇ ਗੁਰਮਤਿ ਦੇ ਨਵੀਨ ਆਦਰਸ ਦੇ ਅਵਲੰਬੀ ਇਕੱਤਰ ਹੋ ਕੇ ਸਮੂਹੀ ਏਕਤਾ ਦਾ ਰਸ ਮਾਣ ਸਕਣ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਪਵਿੱਤਰ ਬੀੜ ਤਿਆਰ ਕੀਤੀ ਜੋ ਵਖੋ ਵਖਰੇ ਥਾਵਾਂ ਤੇ ਰਹਿਣ ਵਾਲੇ ਸਰਧਾਲੂ ਸਿਦਕਵਾਨਾਂ ਦਿਆਂ ਦਿਲਾਂ ਦੀ ਧੜਕਨ ਨੂੰ ਇਕਸੁਰਤਾ ਵਿਚ ਪਰੋਣ ਵਾਲੀ ਸਦੀਵੀ ਪ੍ਰੇਰਣਾ ਸਾਬਤ ਹੋਈ। ਪੰਚਮ ਪਾਤਸ਼ਾਹ ਨੇ ਆਤਮ ਬਲੀਦਾਨ ਦੁਆਰਾ ਸ਼ਹੀਦੀ ਪ੍ਰਾਪਤ ਕਰਨ ਵਿਚ ਪਹਿਲ ਕੀਤੀ। ਭਾਰਤ ਦੇ ਇਤਿਹਾਸ ਵਿਚ ਸ਼ਹਾਦਤ ਦੀ ਪਰੰਪਰਾ ਦੀ ਸਥਾਪਤੀ ਗੁਰੂ ਘਰ ਦੀ ਦੇਣ ਹੈ। ਗੁਰੂ ਹਰਿਗੋਬਿੰਦ ਜੀ ਨੇ ਮੀਰੀ ਅਤੇ ਪੀਰੀ ਅਰਥਾਤ ਅਧਿਆਤਮਿਕਤਾ ਅਤੇ ਵਰਿਆਮਤਾ ਦਾ ਸੰਜੋਗੀ ਮੇਲ ਸਥਾਪਿਤ ਕਰਨ ਵਿਚ ਪਹਿਲ ਕੀਤੀ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਮਹਾਨ ਸ਼ਹਾਦਤ ਨਾਲ ਗੁਰਮਤਿ ਪਰੰਪਰਾ ਨੂੰ ਪਕਿਆਈ ਅਤੇ ਪ੍ਰੋੜ੍ਹਤਾ ਪ੍ਰਦਾਨ ਕੀਤੀ। ਗੁਰੂ ਤੇਗ਼ ਬਹਾਦਰ ਜੀ ਦਾ ਸਾਰਾ ਜੀਵਨ ਇਸ ਗੱਲ ਦਾ ਸਬੂਤ ਹੈ ਕਿ ਗੁਰਮਤਿ ਦਾ ਲਕਸ਼ ਮਾਨਵ-ਮਾਤਰ ਅਤੇ ਮਾਨਵਤਾ ਦੇ ਅਧਿਕਾਰ ਅਤੇ ਗੌਰਵ ਦੀ ਰਖਿਆ ਅਤੇ ਸੰਭਾਲ ਹੈ।

**ਸੰਖਿਪਤ ਜੀਵਨੀ**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਨ ਤਿਆਗੀ, ਦੈਵੀ ਤਪੱਸਵੀ, ਉਦਾਰਚਿਤ, ਪਰਉਪਕਾਰੀ, ਦੇਗ ਤੇਗ ਦੇ ਧਨੀ, ਧਰਮ ਦੀ ਚਾਦਰ ਅਤੇ ਮਜ਼ਲੂਮਾਂ ਦੇ ਰੱਖਿਅਕ ਸਨ। ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੇ ਉਦਰ ਤੋਂ ਸ੍ਰੀ ਅੰਮ੍ਰਿਤਸਰ ਵਿਖੇ ਅਪ੍ਰੈਲ 1, 1621 ਨੂੰ ਪੰਜ ਭੌਤਕ ਸਰੀਰ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਏ।

ਆਪ ਦੇ ਜਨਮ ਸਥਾਨ ਨੂੰ 'ਗੁਰੂ ਕੇ ਮਹਿਲ' ਦੇ ਪਵਿੱਤਰ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਉਸ ਸਥਾਨ ਪੁਰ ਹੁਣ ਸ਼ਾਨਦਾਰ ਗੁਰਦਵਾਰਾ ਮੌਜੂਦ ਹੈ। ਆਪ ਗੁਰੂ

ਹਰਿਗੋਬਿੰਦ ਸਾਹਿਬ ਦੇ ਪੰਜਵੇਂ ਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਕਰਤਾ ਗੁਰਬਿਲਾਸ ਪਾਤਸਾਹੀ ਛੇਵੀਂ ਦਾ ਕਥਨ ਹੈ :

ਚੜਿਓ ਦਿਵਸ ਗੁਰ ਜੀ ਸੁਨਯੋ ਜੇਠੇ ਬਿਧੀਏ ਸੰਗ ॥
ਆਏ ਮਹਲੀਂ ਗਾਵਹੀ ਤ੍ਰਿਯਾ ਧਾਰ ਆਨੰ ॥ ੧੦੩੬॥
ਦੋਹਰਾ॥ ਤਬ ਗੁਰ ਜਿਸ ਕੌ ਬੰਦਨਾ ਕੀਨੀ ਅਤਿ ਹਿਤ ਲਾਇ॥
ਬਿਧੀਆ ਕਹਿ ਕਸ ਬੰਦਨ ਕੀ ਕਹੋ ਮੋਹਿ ਸਭ ਭਾਇ॥ ੧੦੩੭॥
ਤਬ ਗੁਰ ਕਹਿ ਇਹ ਗੁਰ ਭਏ ਪਾਂਚ ਸੁਤਨ ਮੈਂ ਜਾਨ ॥
ਦੀਨ ਰਛ ਸੰਕਟ ਹਰੈ ਸਦਾ ਯਹੀ ਪਹਿਚਾਨ ॥ ੧੦੩੮॥
ਚੌਪਈ ॥ ਤੇਗ ਬਹਾਦਰ ਨਾਮ ਸੁ ਗਾਯੋ।
ਤਾਂਹਿ ਨਾਮ ਸ੍ਰੀ ਮੁਖੋ ਅਲਾਯੋ।
ਸੁਨਤ ਮਾਤ ਸਭ ਹੀ ਹਰਖਾਨੀ।
ਨਾਮ ਕਹਿਓ ਗੁਰ ਪੁਲਕਤ ਬਾਨੀ ॥ ੧੦੩੯॥

ਉਮਰ ਦੇ ਨਾਲ ਨਾਲ ਗੁਰੂ ਤੇਗ਼ ਬਹਾਦਰ ਜੀ ਦੀ ਤਪ ਤਿਆਗ ਦੀ ਰੁਚੀ ਵੀ ਵਧਦੀ ਗਈ। ਉਹ ਅਸਾਧਾਰਣ ਦੈਵੀ ਬਾਲਕ ਸਨ ਤੇ ਦਿਨ ਰਾਤ ਸਮਾਧੀ ਵਿਚ ਸਥਿਤ ਰਹਿੰਦੇ। ਮਾਤਾ ਨਾਨਕੀ ਦੇ ਚਿੰਤਾ ਪ੍ਰਗਟ ਕਰਨ ਪਰ ਸਤਿਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਤਸੱਲੀ ਦਿੰਦਿਆਂ ਫ਼ਰਮਾਇਆ-"ਤੇਗ਼ ਬਹਾਦਰ ਨੇ ਸ਼ਕਤੀਸ਼ਾਲੀ ਗੁਰੂ ਬਣਨਾ ਹੈ ਅਤੇ ਧਰਮ ਲਈ ਆਪਾ ਵਾਰਨਾ ਹੈ, ਉਸ ਨੇ ਸੰਸਾਰ ਵਿਚ ਇਕ ਅਦੁੱਤੀ ਮਿਸਾਲ ਕਾਇਮ ਕਰਨੀ ਹੈ।" ਪੰਜ ਸਾਲ ਦੇ ਸਨ, ਕਿ ਬਾਬਾ ਬੁੱਢਾ ਜੀ (1506-1631 ਈ.) ਨੂੰ ਆਪ ਨੂੰ ਵਿਦਿਆ ਪ੍ਰਦਾਨ ਕਰਨ ਤੇ ਸਸਤ੍ਰ ਸਿਖਿਆ ਦੇਣ ਲਈ ਨਿਯੁਕਤ ਕੀਤਾ ਗਿਆ। ਪਿਛੋਂ ਬਾਬਾ ਜੀ ਤੇ ਭਾਈ ਗੁਰਦਾਸ ਜੀ (1551-1637 ਈ.) ਦੀ ਨਿਗਰਾਨੀ ਹੇਠ ਅਤੇ ਹੋਰ ਵੀ ਕਈ ਵਿਦਵਾਨ ਆਪ ਨੂੰ ਸਿਖਿਆ ਤੇ ਸਿਖਲਾਈ ਦੇਣ ਲਗੇ। ਇਸ ਤਰ੍ਹਾਂ ਆਪ ਬਹੁਪਖੀ ਵਿਦਿਆ ਜੇਹੇ ਬਹੁ-ਮੁੱਲੇ ਭੂਸ਼ਨਾਂ ਨਾਲ ਸੁਸੱਜਤ ਹੋ ਗਏ ਅਤੇ ਉਨ੍ਹਾਂ ਵਿਚ ਉਹ ਸਾਰੇ ਉੱਤਮ ਤੇ ਦੈਵੀ ਗੁਣ ਆ ਗਏ, ਜਿਹੜੇ ਇਕ ਮਹਾਨ ਗੁਰੂ ਨੂੰ ਅਵੱਸ਼ ਸ਼ੋਭਦੇ ਹਨ। ਤੇਗ ਬਹਾਦਰ ਆਪਣੇ ਸਤਿਗੁਰੂ-ਪਿਤਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਅਮੋਲਕ ਬਚਨਾਂ, ਸ਼ੁਭ ਕਰਮਾਂ ਤੇ ਨਿਤਾ ਪ੍ਰਤਿ ਦੇ ਕਾਰਜਾਂ ਨੂੰ ਸੁਣ ਸੁਣ ਤੇ ਵੇਖ ਵੇਖ ਕੇ ਉਨ੍ਹਾਂ ਦਾ ਹੀ ਰੂਪ ਹੁੰਦੇ ਜਾ ਰਹੇ ਸਨ। ਉਨ੍ਹਾਂ ਸੂਰਮਗਤੀ, ਬਹਾਦਰੀ, ਦਲੇਰੀ ਅਤੇ ਨਿਰਭੈਤਾ ਦੇ ਭਾਵ ਆਪਣੇ ਗੁਰੂ-ਪਿਤਾ ਪਾਸੋਂ ਪ੍ਰਾਪਤ ਕੀਤੇ ਅਤੇ ਉਪਕਾਰ ਤੇ ਕੋਮਲਤਾ ਆਪਣੀ ਮਾਤਾ ਜੀ ਤੋਂ ਗ੍ਰਹਿਣ ਕੀਤੇ। ਹੁਣ ਉਹ ਪੂਰੀ ਤਰ੍ਹਾਂ ਧਰਮ ਕਰਮ ਲਈ ਤੱਤਪਰ ਸਨ। ਤਿਆਗ ਤੇ ਕੁਰਬਾਨੀ ਦੇ ਭਾਵ ਆਪ ਦੇ ਹਿਰਦੇ ਵਿਚ ਕੁੱਟ ਕੁੱਟ ਕੇ ਭਰੇ ਹੋਏ ਸਨ। ਹਾਲੀ ਬਾਲਕ ਹੀ ਸਨ ਕਿ ਆਪ ਸਹਜ ਸਮਾਧੀ ਵਿਚ ਅਕਸਰ ਲੀਨ ਹੋ ਜਾਂਦੇ। ਇਨ੍ਹਾਂ ਸਾਰੀਆਂ ਗੱਲਾਂ ਨੇ ਉਨ੍ਹਾਂ ਵਿਚ ਦ੍ਰਿੜ੍ਹਤਾ ਤੇ ਪੂਰਨ ਵਿਸ਼ਵਾਸ਼ ਭਰ ਦਿੱਤਾ ਕਿ ਮਨੁੱਖ ਨੂੰ ਅਨਿਆਇ ਤੇ ਅਧੱਦਰ ਵਿਰੁਧ ਡਟ ਜਾਣਾ ਚਾਹੀਦਾ ਹੈ ਅਤੇ ਮਨੁੱਖ ਨੂੰ ਹੱਕ ਤੇ ਨਿਆਇ ਲਈ ਆਪਣਾ ਸਭ ਕੁਝ ਵਾਰ ਦੇਣਾ ਚਾਹੀਦਾ ਹੈ। ਉਨ੍ਹਾਂ ਦਾ ਵਿਸਵਾਸ ਸੀ ਕਿ ਗ੍ਰਿਹਸਥ ਮਾਰਗ ਨੂੰ ਤਿਆਗਣ ਦੀ ਥਾਂ, ਇਸ ਨੂੰ ਪ੍ਰਭੂ-ਸਿਮਰਨ ਤੇ ਲੋਕ-ਸੇਵਾ ਦੇ ਅਰਪਣ ਕਰਨਾ ਵਧੇਰੇ ਆਵੱਸ਼ਕ ਹੁੰਦਾ ਹੈ।

ਤੇਗ਼ ਬਹਾਦਰ ਜੀ ਦੀ ਕੁੜਮਾਈ ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਉਸ ਸਮੇਂ ਹੋਈ ਜਦ ਉਨ੍ਹਾਂ ਦੇ ਵੱਡੇ ਭਰਾਤਾ ਸੂਰਜ ਮਲ ਜੀ ਦਾ ਵਿਆਹ ਹੋ ਰਿਹਾ ਸੀ। ਤੇਗ਼ ਬਹਾਦਰ ਵਿਆਹ ਦੇ ਬੰਧਨਾਂ ਤੋਂ ਮੁਕਤ ਰਹਿਣਾ ਚਾਹੁੰਦੇ ਸਨ ਪਰੰਤੂ ਆਪਣੇ ਪਰਮ ਪੂਜਨੀਕ ਗੁਰ-ਪਿਤਾ ਦੀ ਇਛਾ ਸਾਹਮਣੇ ਆਪਣੀ ਸਵੀਕ੍ਰਿਤੀ ਦੇ ਦਿੱਤੀ। ਤੇਗ਼ ਬਹਾਦਰ ਜੀ ਦਾ ਸ਼ੁਭ ਵਿਵਾਹ ਕਰਤਾਰਪੁਰ ਵਿਖੇ ਗੁਰ ਮਰਯਾਦਾ ਅਨੁਸਾਰ ਹੋਇਆ।

ਸੰਨ 1635 ਈ. ਦੇ ਮੱਧ ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਕਰਤਾਰਪੁਰ ਵਿਖੇ ਮੁਗ਼ਲ ਫ਼ੌਜ ਨੇ ਕਾਲੇ ਖਾਨ ਤੇ ਪੈਂਦੇ ਖਾਨ ਦੀ ਸਾਂਝੀ ਕਮਾਨ ਹੇਠ ਘੇਰਾ ਘਤ ਲਿਆ ਗਿਆ ਤਾਂ ਚੌਦਾਂ ਸਾਲ ਦੇ ਤੇਗ਼ ਬਹਾਦਰ ਜੀ ਨੇ ਇਸ ਯੁੱਧ ਵਿਚ ਭਾਗ ਲਿਆ ਅਤੇ ਇਕ ਨਿਡਰ, ਨਿਰਭੈ ਤੇ ਨਿਝੱਕ ਜੋਧੇ ਵਾਂਗ ਤਲਵਾਰ ਦੇ ਜੌਹਰ ਵਿਖਾਏ। ਇਹ ਦ੍ਰਿਸ ਮਾਤਾ ਨਾਨਕੀ ਜੀ ਇਕ ਚੁਬਾਰੇ ਤੋਂ ਵੇਖ ਰਹੇ ਸਨ। ਉਨ੍ਹਾਂ ਨੇ ਆਪਣੇ ਸੂਰਬੀਰ ਸਪੁਤਰ ਦੀ ਬਹਾਦਰੀ ਦੀ ਬੜੀ ਸ਼ਲਾਘਾ ਤੇ ਪ੍ਰਸੰਸਾ ਕੀਤੀ। ਅਗਲੇ ਦਸ ਸਾਲ ਆਪ ਆਪਣੇ ਗੁਰ-ਪਿਤਾ ਹਰਿਗੋਬਿੰਦ ਜੀ ਦੇ ਜੋਤੀ ਜੋਤਿ ਸਮਾਣ (1644 ਈ.) ਤੱਕ ਕੀਰਤਪੁਰ ਹੀ ਰਹੇ।

ਬਾਬਾ ਗੁਰਦਿੱਤਾ ਜੀ ਦੇ ਅਕਾਲ ਚਲਾਣੇ ਪਿਛੋਂ ਗੁਰੂ ਹਰਿਗੋਬਿੰਦ ਜੀ ਨੇ ਕਰਤਾਰਪੁਰ ਤੋਂ ਉਨ੍ਹਾਂ ਦੇ ਵੱਡੇ ਸਪੁੱਤਰ ਧੀਰ ਮਲ ਨੂੰ ਬੁਲਾਵਾ ਭੇਜਿਆ ਤੇ ਆਗਿਆ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਨਾਲ ਲੈ ਕੇ ਕੀਰਤਪੁਰ ਆ ਜਾਣ। ਗੁਰੂ ਸਾਹਿਬ ਧੀਰ ਮਲ ਨੂੰ ਇਕ ਵਾਰ ਪਰਖ ਕੇ ਦਸਤਾਰਬੰਦੀ ਦੀ ਰਸਮ ਨੂੰ ਪੂਰਾ ਕਰਨਾ ਚਾਹੁੰਦੇ ਸਨ। ਧੀਰ ਮਲ ਸਦਣ ਤੇ ਨਾ ਆਪ ਆਇਆ ਤੇ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਭੇਜੀ । ਇਸ ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਯੋਗ ਅਤੇ ਨਿਰਮਾਣ ਸੇਵਕ ਜਾਣ ਕੇ ਹਰਿ ਰਾਇ ਜੀ ਨੂੰ ਬਾਬਾ ਗੁਰਦਿੱਤਾ ਜੀ ਦੀ ਦਸਤਾਰ ਬੰਨ੍ਹਾ ਦਿੱਤੀ। ਇਸ

ਉਪਰੰਤ ਗੁਰੂ ਸਾਹਿਬ ਦੀ ਮਿਹਰ ਦੀ ਦ੍ਰਿਸਟੀ ਹਰਿ ਰਾਇ ਪਰ ਸਦਾ ਰਹੀ ਅਤੇ ਉਹ ਹਰਿ ਰਾਇ ਨੂੰ 'ਬਾਬਾ ਜੀ' ਕਹਿ ਕੇ ਸੰਬੋਧਨ ਕਰਦੇ ਰਹੇ ਤੇ ਅੰਤ ਸਮੇਂ ਗੁਰਿਆਈ ਵੀ ਉਨ੍ਹਾਂ ਨੂੰ ਹੀ ਬਖ਼ਸ਼ੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ੍ਰੀ ਹਰਿ ਰਾਇ ਜੀ ਨੂੰ ਗੁਰਗੱਦੀ ਪਰ ਬਿਰਾਜਮਾਨ ਕਰਨ ਪਿਛੋਂ ਅਤੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਮਾਤਾ ਨਾਨਕੀ ਜੀ ਨੂੰ ਆਪਣੇ ਸਪੁੱਤਰ (ਤੇਗ਼ ਬਹਾਦਰ) ਸਮੇਤ ਬਕਾਲਾ ਚਲੇ ਜਾਣ ਲਈ ਆਦੇਸ਼ ਦਿੱਤਾ। ਕਰਤਾ 'ਗੁਰਪ੍ਰਤਾਪ ਸੂਰਜ ਗ੍ਰੰਥ (ਰਾਸ 8, ਅੰਸੁ 57) ਅਨੁਸਾਰ ਬਕਾਲਾ ਵਿਖੇ ਮਾਤਾ ਨਾਨਕੀ ਜੀ ਦੇ ਪਿਤਾ ਭਾਈ ਹਰੀ ਚੰਦ ਜੀ ਉਸ ਸਮੇਂ ਰਹਿੰਦੇ ਸਨ। ਮਾਤਾ ਨਾਨਕੀ ਆਪਣੇ ਮਹਾਨ ਜੋਧੇ ਸੂਰਬੀਰ ਸਪੁਤਰ, ਤੇਗ਼ ਬਹਾਦਰ ਜੀ ਨਾਲ ਕੀਰਤਪੁਰ ਤੋਂ ਬਕਾਲਾ ਆ ਗਏ। ਅਗਲੇ ਵੀਹ ਕੁ ਸਾਲ 1644 ਈ. ਤੋਂ 1664 ਈ. ਤੱਕ ਤੇਗ਼ ਬਹਾਦਰ ਗ੍ਰਿਹਸਥੀ ਜੀਵਨ ਵਿੱਚ ਵਿਚਰਦੇ ਹੋਏ ਵਧੇਰਾ ਸਮਾਂ ਪ੍ਰਭੂ-ਭਗਤੀ ਤੇ ਪ੍ਰਭੂ-ਸਿਮਰਨ ਵਿਚ ਬਿਤਾਉਂਦੇ ਰਹੇ। ਇਹ ਆਪ ਦੇ ਅਤਿ ਵੈਰਾਗਮਈ ਤੇ ਉਪਰਾਮਤਾ-ਭਰੇ ਜੀਵਨ ਦਾ ਸਮਾਂ ਸੀ, ਬਕਾਲੇ ਵਿਖੇ ਤੇਗ਼ ਬਹਾਦਰ ਜੀ ਦੀ ਕੀਤੀ ਅਧਿਆਤਮਿਕ ਘਾਲ ਬਹੁਤ ਮਹਾਨ ਹੈ।

**ਗੁਰ ਗੱਦੀ ਤੇ ਬਿਰਾਜ਼ਮਾਨ ਹੋਣਾ**

ਗੁਰੂ ਹਰਿਕ੍ਰਿਸਨ ਸਾਹਿਬ ਨੇ ਦਿੱਲੀ ਵਿਖੇ 1664 ਈ. ਵਿਚ ਜੋਤੀ ਜੋਤਿ ਸਮਾਉਣ ਸਮੇਂ ਹੋਣ ਵਾਲੇ ਗੁਰੂ ਬਾਰੇ ਕੇਵਲ ਦੋ-ਸ਼ਬਦੀ ਸੰਕੇਤ ਕੀਤਾ ਸੀ-ਬਾਬਾ ਬਕਾਲੇ-ਜਿਸ ਦਾ ਭਾਵ ਇਹ ਸੀ ਕਿ ਗੱਦੀ ਪਰ ਬਿਰਾਜਮਾਨ ਹੋਣ ਵਾਲੇ ਗੁਰੂ ਬਕਾਲਾ ਵਿਖੇ ਹਨ ਅਤੇ ਉਹ ਗੁਰੂ ਹਰਿਕ੍ਰਿਸਨ ਸਾਹਿਬ ਦੇ 'ਬਾਬਾ' ਹਨ। ਗੁਰੂ ਹਰਿਗੋਬਿੰਦ ਜੀ ਦੇ ਸਾਹਿਬਜ਼ਾਦਿਆਂ ਵਿਚੋਂ ਕੇਵਲ ਤੇਗ਼ ਬਹਾਦਰ ਜੀ ਹੀ ਬਕਾਲਾ ਵਿਖੇ ਨਿਵਾਸ ਕਰ ਰਹੇ ਸਨ। ਪਰ ਸੋਢੀਆਂ ਨੇ ਇਸ ਸੰਕੇਤ ਦਾ ਲਾਭ ਉਠਾ ਕੇ ਬਕਾਲਾ ਵਿਖੇ ਆਪਣੀਆਂ ਮੰਜੀਆਂ ਆ ਡਾਹੀਆਂ ਤੇ ਹਰ ਕੋਈ ਗੁਰੂ ਕਹਿਲਾਉਣ ਲਗਾ ਤੇ ਆਪਣੇ ਮਸੰਦਾਂ ਦੁਆਰਾ ਭੋਲੇ ਭਾਲੇ ਸਿਖਾਂ ਨੂੰ ਆਪਣੇ ਵੱਲ ਪ੍ਰੇਰਨ ਲਗਾ। ਧੀਰ ਮਲ ਨੇ ਸਭ ਤੋਂ ਵੱਧ ਗੱਦੀ ਦਾ ਦਾਅਵਾ ਕੀਤਾ। ਹੁਣ ਗੁਰੂ ਨਿਸਚਿਤ ਕਰਨਾ ਮੁਸ਼ਕਲ ਹੋ ਗਿਆ। ਗੁਰੂ ਵਿਅਕਤੀ ਦੀ ਪਛਾਣ ਅਤੇ ਗੁਰੂ-ਪਦ ਦੇ ਪ੍ਰਗਟਾਉ ਸੰਬੰਧੀ ਬਹੁਤ ਸਾਰੀਆਂ ਕਥਾਵਾਂ ਪ੍ਰਚਲਿਤ ਹਨ 'ਪਰਚੀਆਂ ਸੇਵਾ ਦਾਸ (ਪੰਨਾ 84) ਅਨੁਸਾਰ ਮਖਣ ਸ਼ਾਹ ਲੁਬਾਣਾ ਨੇ ਬਾਈ ਮੰਜੀਆਂ ਦੀ ਪਰਖ ਕਰਕੇ ਅਖੀਰ 'ਤੇਗ਼ ਬਹਾਦਰ' ਨੂੰ ਅਸਲ ਗੁਰੂ ਲੱਭਾ ਤੇ ਕੋਠੇ ਚੜ੍ਹ ਕੇ ਪੱਲਾ ਫੇਰਿਆ। 'ਪਰਚੀਆਂ ਸੇਵਾ ਦਾਸ' ਅਨੁਸਾਰ ਮਖਣ ਸ਼ਾਹ ਗੁਰੂ ਜੀ ਦਾ ਮਸੰਦ ਸੀ। ਇਹ ਟਾਂਡਾ ਲੁਬਾਣਾ (ਜ਼ਿਲ੍ਹਾ ਮੁਜ਼ੱਫਰਾਬਾਦ, ਕਸ਼ਮੀਰ) ਦਾ ਵਸਨੀਕ ਸੀ।

ਇਹ ਘਟਨਾ ਸਿਖ ਇਤਿਹਾਸ ਵਿਚ ਇਕ ਵਿਸ਼ੇਸ਼ ਮਹੱਤਤਾ ਰਖਦੀ ਹੈ। ਇਸ ਦੇ ਨਾਲ ਗੁਰਮਤਿ-ਆਦਰਸ਼ ਦੇ ਵਿਕਾਸ ਇਤਿਹਾਸ ਵਿਚ ਇਸ ਧਾਰਨਾ ਦਾ ਵਾਧਾ ਹੋਇਆ ਕਿ ਭਗਤੀ ਦੇ ਇਕਾਂਤਵਾਸ ਅਤੇ ਕਰਮ-ਸ਼ੀਲ ਲੋਕ ਨਾਇਕਤਾ ਦਾ ਮੇਲ ਧਰਮ ਦੇ ਨਵੀਨ ਸੰਕਲਪ ਦੀ ਸਥਾਪਨ ਲਈ ਅਵੱਸ਼ਕ ਹੈ। ਹੁਣ ਗੁਰੂ ਤੇਗ਼ ਬਹਾਦਰ ਦੀ ਸਖ਼ਸ਼ੀਅਤ ਸਿਖ ਸੰਗਤਾਂ ਲਈ ਪ੍ਰੇਰਣਾ, ਅਗਵਾਈ ਅਤੇ ਆਕਰਸਣ ਦਾ ਇਕ ਕੇਂਦ੍ਰ ਬਣ ਗਈ। ਬਕਾਲਾ ਵਿਖੇ ਰੌਣਕਾਂ ਵੱਧਣ ਲਗੀਆਂ ਤੇ ਸੰਗਤਾਂ ਸਤਿਗੁਰੂ ਦੇ ਦਰਸਨਾਂ ਲਈ ਨਿਤਾਪ੍ਰਤਿ ਆਉਣ ਲਗੀਆਂ। ਇਸ ਨਾਲ ਹੌਲੀ ਹੌਲੀ ਭੇਖੀ ਗੁਰੂ ਜਿਹੜੇ ਵੱਖ-ਵੱਖ ਮੰਜੀਆਂ ਡਾਹੀ ਬੈਠੇ ਸਨ, ਬਕਾਲਾ ਤੋਂ ਜਾਣ ਲਗੇ। ਧੀਰ ਮੱਲ ਨੇ ਗੁਰੂ ਜੀ ਦੇ ਵਿਰੁੱਧ ਕੁਝ ਹੀਲੇ ਕੀਤੇ ਪਰ ਨਿਸਫਲ ਹੋ ਕੇ ਆਪਣੇ ਘਰ ਪਰਤ ਗਿਆ।

**ਗੁਰਿਆਈ ਕਾਲ (1664-75 ਈ.)**

ਗੁਰਤਾ ਪ੍ਰਾਪਤ ਕਰਨ ਉਪਰੰਤ ਕੁਝ ਸਮੇਂ ਪਿਛੋਂ ਗੁਰੂ ਸਾਹਿਬ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ। ਜਦ ਆਪ ਅੰਮ੍ਰਿਤਸਰ ਪੁੱਜੇ ਅਤੇ ਪਾਵਨ ਸਰੋਵਰ ਵਿਚ ਅਸ਼ਨਾਨ ਕਰਨ ਗਏ ਤਾਂ ਮੇਹਰਵਾਨ ਤੇ ਉਸ ਦੇ ਸਪੁੱਤਰ ਹਰਿ ਜੀ ਦੇ ਮਸੰਦਾਂ ਨੇ ਹਰਿਮੰਦਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਘਰਾਂ ਨੂੰ ਚਲੇ ਗਏ। ਗੁਰੂ ਜੀ ਨੇ ਬਾਹਰੋਂ ਹੀ ਸੀਸ ਨਿਵਾਇਆ ਅਤੇ ਅਕਾਲ ਤਖਤ ਦੇ ਨੇੜੇ ਇਕ ਬ੍ਰਿਛ ਦੀ ਛਾਂ ਹੇਠ ਬੈਠ ਗਏ। ਇਥੇ ਹੁਣ ਗੁਰਦਵਾਰਾ 'ਥੜਾ ਸਾਹਿਬ' ਮੌਜੂਦ ਹੈ। ਇਥੋਂ ਆਪ ਸਹਿਰ ਤੋਂ ਬਾਹਰ ਵਲ ਚਲੇ ਗਏ ਅਤੇ ਇਕ ਥਾਂ ਕੁਝ ਦੇਰ ਆਰਾਮ ਕਰਨ ਲਈ ਠਹਿਰ ਗਏ। ਇਥੇ ਹੁਣ ਗੁਰਦਵਾਰਾ 'ਦਮਦਮਾ ਸਾਹਿਬ' ਹੈ। ਇਥੇ ਅੰਮ੍ਰਿਤਸਰ ਦੀ ਸੰਗਤ ਮਾਈਆਂ ਬੀਬੀਆਂ ਦੀ ਅਗਵਾਈ ਹੇਠ ਪੁਜੀ ਅਤੇ ਮਸੰਦਾਂ ਦੇ ਵਰਤਾਉ ਤੇ ਅਫ਼ਸੋਸ ਪ੍ਰਗਟ ਕਰਕੇ ਭੁੱਲ ਬਖ਼ਸ਼ਵਾਈ। ਇਥੋਂ ਨੇੜੇ ਦੇ ਪਿੰਡ ਵੱਲਾ ਦੀ ਸੰਗਤ ਉਨ੍ਹਾਂ ਨੂੰ ਆਪਣੇ ਪਿੰਡ ਲੈ ਗਈ। ਗੁਰੂ ਸਾਹਿਬ ਨੇ ਮਾਈ 'ਹਰਿਆਂ' ਦੇ ਘਰ ਬਿਸਰਾਮ ਕੀਤਾ। ਇਥੇ ਵੀ ਪਵਿੱਤਰ ਗੁਰਦਵਾਰਾ ਬਣਿਆ ਹੋਇਆ ਹੈ।

ਫਿਰ ਗੁਰੂ ਸਾਹਿਬ ਕੀਰਤਪੁਰ ਚਲੇ ਗਏ, ਜਿਥੇ ਸੰਗਤ ਨੇ ਆਪ ਦਾ ਬੜਾ ਨਿੱਘਾ ਸੁਆਗਤ ਕੀਤਾ। ਦਰਸਨਾਂ ਲਈ ਇਕੱਤਰ ਹੋਣ ਵਾਲੀਆਂ ਸੰਗਤਾਂ ਨੂੰ ਗੁਰੂ ਸਾਹਿਬ,

ਸਿਮਰਨ, ਸਦਾਚਾਰ, ਘਾਲ-ਕਮਾਈ, ਪਰਸਪਰ ਭ੍ਰਾਤਰੀ ਭਾਵ ਅਤੇ ਉਸਾਰੂ ਕਰਮ-ਸ਼ੀਲਤਾ ਦਾ ਉਪਦੇਸ ਦਿੰਦੇ ਸਨ। ਮਹਾਰਾਜ ਦਾ ਤੇਜਸਵੀ ਵਿਅਕਤਿਤਵ ਅਤੇ ਮਿਕਨਾਤੀਸੀ ਪ੍ਰਭਾਵ, ਸੰਗਤਾਂ ਵਿਚ ਸ਼ਰਧਾ, ਵਿਸ਼ਵਾਸ਼ ਅਤੇ ਸੇਵਾ ਦਾ ਉਮਾਹ ਪੈਦਾ ਕਰਦਾ ਸੀ। ਇਸੇ ਦੌਰਾਨ ਵਿਚ ਗੁਰੂ ਜੀ ਨੇ ਬਿਲਾਸਪੁਰ ਰਿਆਸਤ ਦੇ ਪਰਗਨਾ ਕਹਿਲੂਰ ਵਿਖੇ ਮਾਖੋਵਾਲ ਆਦਿ ਪਿੰਡਾਂ ਵਿਚਾਲੇ ਪੰਜ ਸੌ ਰੁਪਏ ਦੇ ਕੇ ਜ਼ਮੀਨ ਖਰੀਦੀ ਅਤੇ ਇਕ ਨਵਾਂ ਪਿੰਡ ਉਸ ਥਾਂ ਵਸਾਉਣ ਲਈ ਪਹਿਲਾ ਟੱਕ ਬਾਬਾ ਬੁੱਢਾ ਜੀ ਦੇ ਸਾਹਿਬਜ਼ਾਦੇ ਭਾਈ ਗੁਰਦਿੱਤਾ ਜੀ ਪਾਸੋਂ ਲਗਵਾਇਆ। ਇਸ ਦਾ ਨਾਉਂ "ਚਕ ਮਾਤਾ ਨਾਨਕੀ" ਰਖਿਆ ਜੋ ਪਿੱਛੋਂ 'ਸ੍ਰੀ ਆਨੰਦਪੁਰ ਸਾਹਿਬ' ਪ੍ਰਸਿੱਧ ਹੋਇਆ। ਇਹ ਘਟਨਾ ਜੂਨ 19, 1665 ਈ. ਦੀ ਹੈ। ਇਸੇ ਪਾਵਨ ਨਗਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਜੀ ਸਾਜਨਾ ਕੀਤੀ ਸੀ।

**ਧਰਮ ਪ੍ਰਚਾਰ**

ਕੁਝ ਸਮਾਂ 'ਚੱਕ ਮਾਤਾ ਨਾਨਕੀ' ਵਿਖੇ ਠਹਿਰਨ ਪਿੱਛੋਂ ਗੁਰੂ ਤੇਗ਼ ਬਹਾਦਰ ਮਾਲਵਾ ਤੇ ਬਾਂਗਰ ਦੇਸ ਵਿਖੇ ਧਰਮ ਪ੍ਰਚਾਰ ਨਮਿਤ ਨਿਕਲੇ ਤਾਂ ਜੋ ਲੋਕਾਂ ਦੇ ਦਿਲਾਂ ਵਿਚੋਂ ਭਰਮ, ਵਹਿਮ ਅਤੇ ਅੰਧ-ਵਿਸਵਾਸ ਦੂਰ ਹੋ ਸਕੇ। ਉਨ੍ਹਾਂ ਦੇ ਦਿਲਾਂ ਵਿਚ ਸਚਿਆਰਤਾ ਦੀ ਪਾਲਣਾ ਲਈ ਉਮਾਹ ਪੈਦਾ ਹੋ ਸਕੇ। ਆਪ ਸੈਫ਼ਾਬਾਦ (ਬਹਾਦਰਗੜ੍ਹ, ਪਟਿਆਲਾ) ਪਹੁੰਚੇ। ਇਥੇ ਗੁਰੂ ਸਾਹਿਬ ਨੇ ਇਕ ਬਾਗ ਵਿਚ ਖੂਹ ਦੇ ਨੇੜੇ ਉਤਾਰਾ ਕੀਤਾ। ਇਸ ਥਾਂ ਹੁਣ ਗੁਰਦਵਾਰਾ ਬਹਾਦਰਗੜ੍ਹ ਸੋਭਾ ਦਿੰਦਾ ਹੈ। ਇਥੇ ਆਪ ਨੇ ਚੁਮਾਸਾ (ਬਰਸਾਤ) ਕਟਿਆ। ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿਚ ਲਿਖਿਆ ਹੈ-

ਤਿਸ ਕਸਬੇ ਕਾ ਮਾਲਕ ਸ਼ਰਫ਼ ਦੀਨ (ਸੈਫ਼ ਖਾਨ) ਥਾ। ਬੜਾ ਨੇਕ ਮਰਦ ਹੈਸੀ, ਦਿਲ ਕਾ ਸਾਫ਼ ਹੈਸੀ। ਤਿਸ ਨੇ ਭੀ ਸੁਨਿਆ ਜੋ ਤੇਗ਼ ਬਹਾਦਰ ਸਾਹਿਬ ਬਾਗ ਬੀਚ ਉਤਰੇ ਹੈਨਿ। ਬੜਾ ਖੁਸ ਹੋਆ। ਉਸੀ ਵਖਤ ਲੈ ਕਰਕੇ ਮੇਵਿਉਂ ਕੀ ਡਾਲੀਆਂ, ਲੰਗਰ ਨੂੰ ਰਸਤ ਮੰਗਵਾਇ, ਆਪ ਗੁਰੂ ਜੀ ਨੂੰ ਆਇ ਮਥਾ ਟੇਕਿਆ। ਕਹਿਣ ਲਗਾ: 'ਗੁਰੂ ਜੀ ! ਆਜ ਮੇਰਾ ਜਨਮੁ ਸਫਲ ਹੂਆ'। ਫੇਰ ਸ਼ਰਫ ਦੀਨ ਕਹਾ: 'ਗਰੀਬ ਨਿਵਾਜ ਜੀ ਡੇਰਾ ਅੰਦਰ ਕਰੀਏ। ਗੁਰੂ ਜੀ ਬਚਨ ਕੀਆ: 'ਡੇਰਾ ਇਸੀ ਜਾਗਾ ਬਹੁਤ ਬੇਸ (ਵਧੀਆ) ਹੈ।'

ਇਕ ਦਿਨ ਫਿਰ ਸੈਫ਼ ਖ਼ਾਨ ਦਰਸਨਾਂ ਲਈ ਬਾਗ ਵਿਚ ਆਇਆ। ਗੁਰੂ ਜੀ ਨੇ ਬਚਨ ਕੀਤਾ।

"ਸਾਹਿਬ ਨੂੰ ਹਰਦਮ ਯਾਦ ਰਖਣਾ, ਸਾਧ ਫਕੀਰ ਕੀ ਸੇਵਾ ਬੰਦਗੀ ਕਰਨੀ; ਮਨ ਨੀਵਾਂ ਰਖਣਾਂ, ਤੁਸਾਨੂੰ ਸਦਾ ਹੀ ਆਨੰਦ ਰਹੇਗਾ।"

ਸੈਫ਼ ਖਾਨ ਨੇ ਵਿਦਾਇਗੀ ਸਮੇਂ ਗੁਰੂ ਸਾਹਿਬ ਦੇ ਚਰਨਾ ਵਿਚ ਲੰਗਰ ਲਈ ਭਾਂਡੇ ਤੰਬੂ, ਊਠ, ਘੋੜਾ ਅਤੇ ਰੱਥ ਭੇਟਾ ਕੀਤੇ। ਇਥੋਂ ਆਪ ਮਾਲਵਾ ਦੇਸ ਵਲ ਗਏ। ਆਪ ਜਿਥੇ ਵੀ ਜਾਂਦੇ ਖੂਹ, ਬਾਉਲੀ ਜਾਂ ਤਲਾਬ ਬਣਵਾਉਂਦੇ ਤਾਂ ਜੋ ਲੋਕਾਂ ਨੂੰ ਪਾਣੀ ਦੀ ਤਕਲੀਫ਼ ਨਾ ਰਹੇ। ਸਬੁਧਤਾ ਦਾ ਮਾਰਗ ਦਰਸਾਉਂਦੇ ਕਬੁੱਧਤਾ ਤੋਂ ਵਰਜਦੇ ਹੋਏ ਪਰਸਪਰ ਪ੍ਰੇਮ ਅਤੇ ਸੇਵਾ ਭਾਵ ਦੇ ਗੌਰਵ ਨੂੰ ਦ੍ਰਿੜ੍ਹ ਕਰਾਉਂਦੇ ਹੋਏ ਗੁਰੂ ਸਾਹਿਬ ਕਈ ਪਿੰਡਾਂ ਕਸਬਿਆਂ ਅਤੇ ਨਗਰਾਂ ਵਿਚ ਕਿਆਮ ਕਰਦੇ ਹੋਏ ਤਲਵੰਡੀ (ਦਮਦਮਾ ਸਾਹਿਬ) ਪਹੁੰਚੇ। ਜਿਥੋਂ ਤੱਕ ਤਤਕਾਲੀਨ ਸਥਿਤੀ ਦੇ ਧਾਰਮਕ ਅਧਿਆਤਮਿਕ ਅਤੇ ਵਿਵਹਾਰਕ ਪੱਖ ਦਾ ਸੰਬੰਧ ਹੈ ਇਹ ਕਿਹਾ ਜਾ ਸਕਦਾ ਹੈ ਕਿ ਰਾਜ-ਸਤਾ ਦੇ ਸਾਮੰਤੀ ਕਿਰਦਾਰ ਦੇ ਨਾਲ ਨਾਲ ਧਰਮ ਅਤੇ ਰੂਹਾਨੀਅਤ ਦੇ ਨਾਉਂ ਤੇ ਜਿਹੜੇ ਨਾਮਧਰੀਕ ਆਗੂ ਅਤੇ ਪੀਰ ਸਨ ਉਹ ਵੀ ਇਕ ਪ੍ਰਕਾਰ ਦੇ ਦੰਭੀ, ਕਪਟੀ ਅਤੇ ਮਿਥਿਆਚਾਰੀ ਵਿਅਕਤੀ ਸਨ ਜੋ ਸਮਾਜ ਵਿਰੁੱਧ ਹਰਕਤਾਂ ਵਿਚ ਰੁਝੇ ਹੋਏ ਸਨ। ਇਸ ਕਿਸਮ ਦੇ ਬਹੁਤ ਹਵਾਲੇ ਮਿਲਦੇ ਹਨ ਕਿ ਕੰਨਫਟੇ ਜੋਗੀ, ਸੁਲਤਾਨੀਏ ਅਤੇ ਰੌਸਨੀਏ ਪੀਰ ਸਰਲ ਸੁਭਾ ਵਾਲੇ ਲੋਕਾਂ ਨੂੰ ਭਰਮਾਉਂਦੇ, ਡਰਾਉਂਦੇ ਅਤੇ ਆਪਣੇ ਕਪਟ ਜਾਲ ਵਿਚ ਫਸਾਉਂਦੇ ਸਨ। ਜਨਸਾਧਾਰਣ ਨੂੰ ਸਰਲ ਅਤੇ ਸੁਚੇ ਮਾਰਗ ਉੱਤੇ ਅਗਰਸਰ ਕਰਨ ਦੀ ਬਜਾਏ ਕਈ ਕਿਸਮ ਦੇ ਨਾਟਕ ਚੇਟਕ ਦੁਆਰਾ ਭੈਭੀਤ ਕਰ ਕੇ ਉਨ੍ਹਾਂ ਨੂੰ ਆਪਣਾ ਅਨੁਯਾਈ ਬਣਾਉਂਦੇ ਸਨ। ਸਚੀ ਗੱਲ ਤਾਂ ਇਹ ਹੈ ਕਿ ਇਹ ਜੋਗੀ ਅਤੇ ਪੀਰ ਧਰਮ ਅਤੇ ਅਧਿਆਤਮਵਾਦ ਦੇ ਭੇਖ ਵਿਚ ਕਮਾਊ-ਲੋਕਾਈ ਦਾ ਸ਼ੋਸ਼ਣ ਕਰਦੇ ਸਨ। ਮੌੜ ਪਿੰਡ ਵਿਖੇ ਦੇਵ ਕੱਢਣ ਦੀ ਵਾਰਤਾ, ਦੇਸ਼ ਨੂੰ ਸੁਲਤਾਨੀ ਫਕੀਰ ਦੇ ਪੰਜੇ ਤੋਂ ਛੁਡਾਉਣ ਵਾਲੀ ਘਟਨਾ ਆਦਿ ਤੋਂ ਇਹ ਸਪੱਸਟ ਹੋ ਜਾਂਦਾ ਹੈ ਕਿ ਜਦੋਂ ਰਾਜ ਸ਼ਕਤੀ ਅਤੇ ਨਾਮਧਰੀਕ ਦਿਖਾਵਟੀ ਧਾਰਮਿਕਤਾ ਲੋਕ ਸ਼ੋਸ਼ਣ ਦਾ ਵਿਕਰਾਲ ਪ੍ਰਤੀਕ ਬਣੀ ਹੋਈ ਸੀ ਤਾਂ ਗੁਰੂ ਤੇਗ਼ ਬਹਾਦਰ ਜੀ ਨੇ ਸੱਚੀ, ਸੁਚੀ, ਪਾਵਨ, ਪਵਿੱਤਰ ਅਤੇ ਗਿਆਨ-ਪ੍ਰਦੀਪਤ ਮਾਨਵਤਾ ਦਾ ਸਿੱਧਾਂਤ ਪ੍ਰਸਤੁਤ ਕੀਤਾ। ਆਪਣੀ ਅਮਲੀ ਮਿਸਾਲ ਦੇ ਨਾਲ ਗੁਰੂ ਜੀ ਨੇ ਇਹ ਸਿੱਧ ਕੀਤਾ ਕਿ ਸੱਚਾ ਅਤੇ ਅਸਲੀ ਹਕੀਕੀ ਗੁਰੂ ਜਨ-ਸਾਧਾਰਣ ਦਾ ਆਗੂ ਹੋਣ ਦੇ ਨਾਲ ਨਾਲ ਉਸ ਦਾ ਮਿਤਰ, ਸਖਾ ਅਤੇ ਸਹਾਇਕ ਵੀ ਹੈ।

ਗੁਰੂ ਸਾਹਿਬ ਨੇ ਹੰਡਿਆਇਆ ਵਿਖੇ ਗੰਦੇ ਛਪੜ ਦੀ ਸਫ਼ਾਈ ਵਿਚ ਆਪ ਭਾਗ ਲਿਆ ਅਤੇ ਹਥੀਂ ਕਾਰ ਕਮਾਵਣ ਦੀ ਪ੍ਰਥਾ ਸਥਾਪਤ ਕੀਤੀ। ਇਹ ਭਾਰਤ ਦੇ ਧਾਰਮਕ ਵਿਵਹਾਰ ਦੇ ਇਤਿਹਾਸ ਵਿਚ ਇਕ ਨਵੀਨ ਅਤੇ ਲੋਕਵਾਦੀ ਪਰਿਪਾਟੀ ਸੀ। ਤਲਵੰਡੀ ਤੋਂ ਰਵਾਨਾ ਹੋ ਕੇ ਗੁਰੂ ਜੀ ਬਾਂਗਰ ਦੇਸ ਵਿਚ ਪ੍ਰਚਾਰ ਕਰਦੇ ਹੋਏ ਧਮਤਾਨ ਸਾਹਿਬ ਪੁੱਜੇ।

ਮਾਲਵੇ ਤੇ ਬਾਂਗਰ ਦੇਸ਼ ਵਿਚ ਜਿਥੇ-ਜਿਥੇ ਵੀ ਗੁਰੂ ਸਾਹਿਬ ਪਧਾਰੇ ਉਥੇ ਉਥੇ ਲੋਕ ਜੀਵਨ ਵਿਚ ਸੋਚ, ਵਿਵਹਾਰ ਅਤੇ ਸਾਂਝੀਵਾਲਤਾ ਦਾ ਨਵੀਨ ਧਾਰਾ ਪ੍ਰਵਾਹ ਚੱਲ ਪਿਆ। ਗੁਰੂ ਸਾਹਿਬ ਦੀ ਮਾਨਤਾ ਵਧਣ ਕਰ ਕੇ ਤੇ ਸੰਗਤਾਂ ਦੇ ਇੱਕਠ ਤੇ ਉਤਸਾਹ ਕਾਰਣ ਬ੍ਰਾਹਮਣ, ਮੁੱਲਾਂ, ਕਾਜ਼ੀ ਅਤੇ ਸੁਲਤਾਨੀਏ ਆਦਿ ਸਾਰੇ ਔਖੇ ਸਨ। ਇਨ੍ਹਾਂ ਸਾਰਿਆਂ ਨੇ ਬਾਦਸ਼ਾਹ ਪਾਸ ਗੁਰੂ ਸਾਹਿਬ ਦੇ ਵਿਰੁੱਧ ਸ਼ਿਕਾਇਤਾਂ ਕੀਤੀਆਂ ਅਤੇ ਕਿਹਾ ਕਿ ਗੁਰੂ ਕਿਸੇ ਵਿਸ਼ੇਸ਼ ਮਤ ਜਾਂ ਧਰਮ ਦੇ ਨੇਤਾ ਨਹੀਂ ਹਨ। ਉਹ ਚਲੀ ਆਈ ਰਹੁ-ਰੀਤ ਦੇ ਵਿਰੁੱਧ ਹਨ ਅਤੇ ਸਲਤਨਤ ਦੇ ਵੀ ਵਿਰੋਧੀ ਹਨ। ਬਾਦਸ਼ਾਹ ਨੇ ਆਲਮ ਖਾਨ ਪਠਾਣ ਨੂੰ ਹੁਕਮ ਦਿੱਤਾ ਕਿ ਉਹ ਗੁਰੂ ਸਾਹਿਬ ਨੂੰ ਦਰਬਾਰ ਵਿਚ ਹਾਜ਼ਰ ਕਰੇ। ਪਠਾਣ ਦਿੱਲੀ ਤੋਂ ਧਮਧਾਨ ਸਾਹਿਬ ਆਇਆ, ਅਤੇ ਬਾਦਸ਼ਾਹ ਦਾ ਹੁਕਮ ਸੁਣਾ ਕੇ ਗੁਰੂ ਸਾਹਿਬ ਨੂੰ ਦਿੱਲੀ ਲੈ ਗਿਆ। ਬਹੁਤ ਸਾਰੇ ਸਿੱਖ ਤੇ ਸ਼ਰਧਾਲੂ ਵੀ ਗੁਰੂ ਸਾਹਿਬ ਦੇ ਨਾਲ ਸਨ। ਇਹ ਤੱਥ ਭੱਟ ਵਹੀ (ਜਾਦਵ ਬੰਸੀਉਂਕੀ) ਤੋਂ ਮਿਲਦਾ ਹੈ। ਸਬੰਧਤ ਟੂਕ ਇਸ ਪ੍ਰਕਾਰ ਹੈ :

"ਗੁਰੂ ਤੇਗ ਬਹਾਦਰ ਜੀ ਮਹਲ ਨੌਵੇ ਕੇ ਨਗਰ ਧਮਤਾਨ ਪਰਗਨਾ ਬਾਂਗਰ ਸੇ ਆਲਮ ਖਾਨ ਰੁਹੇਲਾ ਸਾਹੀ ਹੁਕਮ ਗੈਲ ਦਿਲੀ ਕੋ ਲੈ ਕਰ ਆਇਆ...ਸਾਥ...ਹੋਰ ਸਿਖ ਫਕੀਰ ਆਏ। "

ਆਪ ਨਵੰਬਰ 1665 ਵਿਚ ਦਿੱਲੀ ਪਹੁੰਚੇ ਜਿਥੇ ਆਪ ਨੂੰ ਕੰਵਰ ਰਾਮ ਸਿੰਘ ਦੀ ਹਵੇਲੀ ਵਿਖੇ ਰਖਿਆ ਗਿਆ। ਕੰਵਰ ਨੇ ਬਾਦਸਾਹ ਨੂੰ ਕਿਹਾ ਕਿ ਗੁਰੂ ਸਾਹਿਬ ਤਾਂ ਦਰਵੇਸ਼ ਫ਼ਕੀਰ ਹਨ ਜੋ ਇਕ ਅਕਾਲਪੁਰਖ ਦੇ ਉਪਾਸਕ ਹਨ ਅਤੇ ਤੋਹੀਦ ਦੀ ਤਾਲੀਮ ਦਿੰਦੇ ਹਨ। ਇਸ ਪੁਰ ਬਾਦਸਾਹ ਨੇ ਹੋਰ ਕੋਈ ਕਾਰਵਾਈ ਕਰਨੀ ਉਚਿਤ ਨਾ ਸਮਝੀ।

ਗੁਰੂ ਜੀ ਦਿੱਲੀ ਤੋਂ ਮਥਰਾ, ਵਿੰਦ੍ਰਾਵਨ ਹੁੰਦੇ ਹੋਏ ਆਗਰਾ ਪੁੱਜੇ, ਜਿਥੇ ਮਾਈ ਜੱਸੀ ਦੇ ਘਰ ਠਹਿਰੇ। ਇਸ ਸਥਾਨ ਪਰ ਹੁਣ ਗੁਰਦਵਾਰਾ ਮਾਈ ਥਾਨ" ਹੈ। ਆਗਰਾ ਤੋਂ ਇਟਾਵਾ, ਕਾਨਪੁਰ, ਫ਼ਤਹਿਪੁਰ ਤੇ ਫ਼ਿਰ ਪਰਾਗ (ਅਲਾਹਬਾਦ) ਪਹੁੰਚੇ। ਪਰਾਗ ਵਿਖੇ ਆਪ ਕੁਝ ਮਹੀਨੇ ਰਹੇ। ਇਥੇ ਆਪ ਨੇ ਬਹੁਤ ਦਾਨ ਕੀਤਾ। 'ਬਿਚਿੱਤ੍ਰ ਨਾਟਕ' ਵਿਚ ਇਸ ਬਾਰੇ ਸੰਕੇਤ ਆਉਂਦਾ ਹੈ :

"ਜਬ ਹੀ ਜਾਤ ਤ੍ਰਿਬੇਣੀ ਭਏ ॥
ਪੁੰਨ ਦਾਨ ਦਿਨ ਕਰਤ ਬਿਤਾਏ ॥"

ਇਹ ਗੱਲ ਮਾਰਚ, 1666 ਈ. ਦੀ ਹੈ। ਜਿੱਥੇ ਗੁਰੂ ਸਾਹਿਬ ਠਹਿਰੇ ਸਨ, ਉਸ ਸਥਾਨ ਪੁਰ ਅੱਜ ਕਲ੍ਹ ਗੁਰਦਵਾਰਾ "ਪੱਕੀ ਸੰਗਤ" ਮੌਜੂਦ ਹੈ। ਇਥੋਂ ਆਪ ਜਰਨੈਲੀ ਸੜਕ ਪੁਰਾ ਗੰਗਾ ਦੇ ਦੱਖਣੀ ਤਟ ਦੇ ਨਾਲ ਨਾਲ ਚਲਦੇ ਗਏ। ਪਹਿਲਾਂ ਬਨਾਰਸ ਆਏ। ਇਥੇ ਵੀ ਗੁਰਦਵਾਰਾ 'ਬੜੀ ਸੰਗਤ' ਆਪ ਦੀ ਯਾਦ ਨੂੰ ਤਾਜ਼ਾ ਕਰ ਰਿਹਾ ਹੈ। ਬਨਾਰਸ ਗੁਰੂ ਨਾਨਕ ਸਾਹਿਬ ਵੀ ਆਏ ਸਨ ਤੇ ਭਾਈ ਗੁਰਦਾਸ ਜੀ ਵੀ ਬਹੁਤ ਸਮਾਂ ਠਹਿਰੇ ਸਨ।

ਬਨਾਰਸ ਤੋਂ ਸਹਿਸਰਾਮ, ਗਯਾ ਤੇ ਫਿਰ ਮਈ 1666 ਵਿਚ ਗੁਰੂ ਜੀ ਪਟਨਾ ਪੁੱਜੇ। ਪਟਨਾ ਵਿਖੇ ਆਪ ਨੇ ਚੁਮਾਸਾ ਕਟਿਆ। ਇਥੇ ਬਿਹਾਰ, ਬੰਗਾਲ ਅਤੇ ਆਸਾਮ ਤੋਂ ਸੰਗਤਾਂ ਦਰਸਨਾਂ ਲਈ ਆਉਂਦੀਆਂ ਰਹੀਆਂ। ਪਰਿਵਾਰ ਇਥੇ ਛੱਡ ਕੇ ਗੁਰੂ ਸਾਹਿਬ ਆਸਾਮ ਵੱਲ ਗਏ। ਪਟਨਾ ਤੋਂ ਮੁੰਘੇਰ, ਭਾਗਲਪੁਰ, ਕੋਲਗਾਂਵ, ਰਾਜ ਮਹਲ, ਕੰਤਨਗਰ, ਮਾਲਦਾ, ਹੁੰਦੇ ਹੋਏ ਢਾਕਾ ਪਹੁੰਚੇ। ਰਸਤੇ ਵਿਚ ਰਾਜਸ਼ਾਹੀ, ਪਬਨਾ, ਆਦਿ ਠਹਿਰੇ। ਢਾਕਾ ਵਿਖੇ ਜਨਵਰੀ, 1668 ਵਿਚ ਆਏ। ਇਥੇ ਹੀ ਰਾਜਾ ਰਾਮ ਸਿੰਘ ਆਸਾਮ ਜਾਂਦਿਆਂ ਆਪ ਜੀ ਨੂੰ ਮਿਲਿਆ। ਢਾਕਾ ਤੋਂ ਗੁਰੂ ਜੀ ਰਾਜਾ ਰਾਮ ਸਿੰਘ ਦੇ ਨਾਲ ਆਸਾਮ ਲਈ ਦਸੰਬਰ 1668 ਵਿਚ ਪਧਾਰੇ।

ਦਰਿਆ ਬ੍ਰਹਮਪੁਤਰ ਪਾਰ ਕਰਕੇ ਆਪ ਫਰਵਰੀ 1669 ਵਿਚ ਧੁਬੜੀ ਆ ਗਏ। ਧੁਬੜੀ ਤੋਂ ਆਪ ਤੇਜਪੁਰ (ਹਾਜੋ, ਗੋਹਾਟੀ) ਗਏ। ਇਹ ਗੁਰੂ ਜੀ ਦੀ ਪੂਰਬ ਯਾਤ੍ਰਾ ਦਾ ਅੰਤਿਮ ਪੜਾਉ ਸੀ।

ਇਸ ਦੌਰਾਨ ਵਿਚ ਹੀ ਔਰੰਗਜ਼ੇਬ ਨੇ ਅਪ੍ਰੈਲ 9, 1669 ਨੂੰ ਇਕ ਉਚੇਚਾ ਫਰਮਾਨ ਜਾਰੀ ਕੀਤਾ ਜਿਸ ਰਾਹੀਂ ਵੱਖੋ ਵੱਖ ਸੂਬਿਆਂ ਦੇ ਹਾਕਮਾਂ ਨੂੰ ਤਾਕੀਦ ਕੀਤੀ ਗਈ ਕਿ ਗੈਰ-ਮੁਸਲਮਾਨਾਂ ਦੇ ਮੰਦਰ, ਮਦਰਸੇ ਆਦਿ ਢਾਹ ਦਿੱਤੇ ਜਾਣ। ਪੰਜਾਬ ਦੇ ਹਾਲਾਤ ਵੀ ਚਿੰਤਾਜਨਕ ਸਨ। ਹਰ ਪਾਸੇ ਹਾਹਾਕਾਰ ਮੱਚ ਗਈ। ਇਸ ਪਰ ਗੁਰੂ ਸਾਹਿਬ ਨੇ ਫ਼ੌਰਨ ਵਾਪਸ ਆਨੰਦਪੁਰ ਪੁਜਣਾ ਉਚਿੱਤ ਸਮਝਿਆ। ਪੂਰਬ ਯਾਤਰਾ ਸਿੱਖ ਇਤਿਹਾਸ ਵਿਚ ਇਕ ਵਿਸੇਸ ਮਹੱਤਤਾ

ਰਖਦੀ ਹੈ। ਇਸ ਯਾਤਰਾ ਦੇ ਫਲਸਰੂਪ ਜਿਹੜੇ ਥਾਂ ਪਰ ਥਾਂ ਗੁਰਧਾਮ ਸਥਾਪਤ ਹੋਏ ਉਹ ਅੱਜ ਤਕ ਵਿਸ਼ੇਸ਼ ਗੁਰਮਤਿ ਵਿਚਾਰ ਸਾਂਸਕ੍ਰਿਤੀ ਦੇ ਪ੍ਰਸਾਰ ਦੇ ਕੇਂਦ੍ਰ ਸਿੱਧ ਹੋ ਰਹੇ ਹਨ।

**ਸੀਸ ਦੀਆ ਪਰ..**

ਇਹ ਇਕ ਇਤਿਹਾਸਿਕ ਹਕੀਕਤ ਹੈ ਕਿ ਸਾਹਿਬ ਸ੍ਰੀ ਗੁਰੁ ਤੇਗ਼ ਬਹਾਦਰ ਜੀ ਮਹਾਰਾਜ ਨੇ ਧਰਮ ਹੇਤੁ ਆਤਮ ਬਲੀਦਾਨ ਦਿੱਤਾ। ਆਪ ਨੇ ਇਹ ਅਦਭੁਤ ਅਤੇ ਅਸਾਧਾਰਣ ਸਾਕਾ ਸਾਧਨ ਹੇਤ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖ ਵਾਕ ਇਸ ਪ੍ਰਕਾਰ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸ ਦੀਆ ਪਰ ਸੀ ਨ ਉਚਰੀ॥

(ਬਿਚਿੱਤ੍ਰ ਨਾਟਕ)

ਸਪਸਟੀਕਰਣ ਵਜੋਂ ਇਹ ਲਿਖਣਾ ਉਚਿਤ ਹੈ ਕਿ ਗੁਰੂ ਤੇਗ਼ ਬਹਾਦਰ ਜੀ ਜਦੋਂ ਆਨੰਦਪੁਰ ਵਾਪਸ ਆ ਗਏ ਤਾਂ ਇਸ ਦੇਵਪੁਰੀ ਦੀ ਸ਼ਾਨ ਵਧ ਗਈ। ਔਰੰਗਜ਼ੇਬ ਨੇ ਆਪਣੀ ਸ਼ਾਸ਼ਨ ਨੀਤੀ ਨੂੰ ਚਲਾਉਣ ਅਤੇ ਸਥਾਪਤ ਕਰਨ ਲਈ ਧਾਰਮਕ ਜੀਵਨ ਅਤੇ ਧਾਰਮਕ ਵਿਵਹਾਰ ਸੰਬੰਧੀ ਜਿਹੜਾ ਫੈਸਲਾ ਕੀਤਾ ਉਹ ਹਿੰਦੂ ਧਰਮ ਅਤੇ ਹਿੰਦੂਆਂ ਨੂੰ ਉਚੇਚੇ ਤੌਰ ਤੇ ਨਿਪੀੜਤ ਕਰਨ ਵਾਲਾ ਸੀ।

ਮਆਸਰੇ-ਆਲਿਮਗੀਰੀ ਵਿਚ ਲਿਖਿਆ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ ਅਪ੍ਰੈਲ 9, 1669 ਨੂੰ ਹਿੰਦੂਆਂ ਦੇ ਮੰਦਰ ਅਤੇ ਮਦਰਸੇ ਢਾਹ ਦੇਣ ਲਈ ਆਦੇਸ਼ ਜਾਰੀ ਕੀਤਾ। ਨਾਲ ਹੀ ਹਿੰਦੂ ਧਰਮ ਦੀ ਤਾਲੀਮ ਅਤੇ ਪਾਠ ਪੂਜਾ ਪਰ ਪਾਬੰਦੀ ਲਗਾ ਦਿੱਤੀ।

ਬਾਦਸਾਹ ਨੇ ਇੱਛਾ ਪ੍ਰਗਟ ਕੀਤੀ ਕਿ ਇਸਲਾਮ ਦਾ ਪ੍ਰਚਾਰ ਚੰਗੀ ਤਰ੍ਹਾਂ ਕੀਤਾ ਜਾਏ। ਇਸ ਹੁਕਮ ਦੀ ਪਾਲਣਾ ਤੁਰੰਤ ਹੀ ਆਰੰਭ ਹੋ ਗਈ। ਬਹੁਤ ਪ੍ਰਸਿੱਧ ਬਨਾਰਸ ਦਾ ਵਿਸ਼ਵਾਨਾਥ ਮੰਦਰ ਅਤੇ ਮਥੁਰਾ ਦਾ ਕੇਸਵ ਰਾਏ ਮੰਦਰ ਛੇਤੀ ਹੀ ਢਾਹ ਦਿੱਤੇ ਗਏ। ਸਾਰੇ ਸੂਬੇਦਾਰਾਂ ਨੇ ਇਸ ਆਗਿਆ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ। ਬੁੜੀਏ ਵਿਖੇ ਸਿੱਖਾਂ ਦਾ ਗੁਰਦਵਾਰਾ ਵੀ ਢਾਹ ਦਿੱਤਾ ਗਿਆ। ਵਧੇਰੇ ਕਰਕੇ ਪੰਡਤਾਂ ਨੂੰ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਕੀਤਾ ਗਿਆ। ਹਕੂਮਤ ਦਾ ਖਿਆਲ ਸੀ ਕਿ ਪੰਡਤਾਂ ਦੇ ਇਸਲਾਮ ਵਿਚ ਪ੍ਰਵੇਸ ਕਰਨ ਨਾਲ ਬਾਕੀ ਦੀ ਹਿੰਦੂ ਜਨਤਾ ਸਹਿਜੇ ਹੀ ਮੁਸਲਮਾਨ ਬਣਨ ਲਈ ਤਿਆਰ ਹੋ ਜਾਏਗੀ। ਇਸ ਵਿਚਾਰਧਾਰਾ ਨੂੰ ਮੁਖ ਰਖਦੇ ਹੋਏ ਕਸ਼ਮੀਰ ਦੇ ਸੂਬੇਦਾਰ ਇਫਤਿਖਾਰ ਖਾਨ ਨੇ ਕਸ਼ਮੀਰ ਵਿਚ ਪੰਡਤਾਂ ਨੂੰ ਮੁਸਲਮਾਨ ਬਣਾਣ ਲਈ ਪੂਰਾ ਤਾਣ ਲਾ ਦਿੱਤਾ। ਪੰਡਤ ਕ੍ਰਿਪਾ ਰਾਮ ਦੀ ਅਗਵਾਈ ਹੇਠ ਕਸ਼ਮੀਰੀ ਪੰਡਤਾਂ ਦੀ ਵਿਥਿਆ ਦਸਣ ਲਈ ਇਕ ਜਥਾ ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਪੰਡਤਾਂ ਦੇ ਦੁਖਾਂ ਦੀ ਦਾਸਤਾਨ ਲੰਮੇਰੀ ਅਤੇ ਹਿਰਦੇਵੇਧਕ ਸੀ। ਕਵੀ ਸੇਵਾ ਸਿੰਘ ਨੇ ਸਹੀਦ ਬਿਲਾਸ ਭਾਈ ਮਨੀ ਸਿੰਘ ਜੀ ਵਿਚ ਇਉਂ ਲਿਖਿਆ ਹੈ:

ਦੁਖੀਏ ਬਿਪ੍ਰ ਜੁ ਚੱਲ ਕੇ ਆਏ ਪੁਰੀ ਅਨੰਦ॥
ਬਾਂਹਿ ਅਸਾਡੀ ਪਕਰੀਏ ਗੁਰੂ ਹਰਿ ਗੋਬਿੰਦ ਕੇ ਚੰਦ॥ .....

ਹਾਥ ਜੋਰ ਕਹਿਯੋ ਕਿਰਪਾ ਰਾਮ ॥
ਦਤ ਬ੍ਰਾਹਮਣ ਮਟਨ ਗ੍ਰਾਮ ॥
ਹਮਰੋ ਬਲ ਅਬ ਰਹਯੋ ਨਹਿ ਕਾਈ॥
ਹੇ ਗੁਰ ਤੇਗ ਬਹਾਦਰ ਰਾਈ॥......
ਫਿਰਤ ਫਿਰਤ ਪ੍ਰਭ ਆਏ ਥਾਰੈ॥
ਥਾਕ ਪਰੈ ਹਉਂ ਤਉ ਦਰਬਾਰੈ॥
ਸੇਵਾ ਹਰੀ ਇਮ ਅਰਜ ਗੁਜ਼ਾਰੀ ॥
ਤੁਮ ਕੁਲ ਜੁਗ ਕੇ ਕ੍ਰਿਸਨ ਮੁਰਾਰੀ॥

ਦੋਹਰਾ॥ ਗੁਰ ਦਰ ਤੇ ਇਮ ਬਿਪ੍ਰ ਨੇ ਬਿਰਥਾ ਕਹੀ ਸੁਨਾਇ॥
ਅਵਰ ਵਾਸਨਾ ਨਾਹਿ ਪ੍ਰਭ ਤਕੀ ਤਉ ਸਰਨਾਇ॥

ਇਸ ਕਥਨ ਦਾ ਸਮਰਥਨ ਭਟ ਵਹੀ ਵਿਚ ਦਰਜ ਸਬਦਾਂ ਤੋਂ ਵੀ ਹੁੰਦਾ ਹੈ:

ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਪੜਪੋਤਾ ਬ੍ਰਹਮਦਾਸ ਕਾ ਬੰਸ ਠਾਕੁਰ ਦਾਸ ਕੀ ਭਾਰਦਵਾਜੀ ਗੋਤਾ ਸਾਰਸੁਤ ਦੱਤ ਬ੍ਰਾਹਮਣ ਬਾਸੀ ਮਟਨ ਪਰਗਨਾ ਸਿਰੀਨਗਰ ਦੇਸ ਕਸਮੀਰ ਖੋੜਸਮੁਖੀ (ਸੋਲ੍ਹਾਂ ਮੁਖੀ) ਕਸ਼ਮੀਰੀ ਬ੍ਰਹਮਨੋ ਕੋ ਸੰਗ ਲੈ ਕੇ ਚਕ ਨਾਨਕੀ ਆਇਆ, ਪਰਗਨਾ ਕਹਿਲੂਰ ਮੇਂ, ਸੰਮਤ ਸਤਰਾਂ ਸੈ ਬੱਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁ (ਜੇਠ ਸੁਦੀ ਇਕਾਦਸ ਸੰਮਤ 1732)।

(ਭੱਟ ਵਹੀ ਤਲਉਡਾ)

ਗੁਰੂ ਤੇਗ਼ ਬਹਾਦਰ ਜੀ ਦਾ ਬਚਨ ਹੋਇਆ, ਕਿ ਇਸ ਸਮੇਂ ਕਿਸੇ ਮਹਾਨ ਪੁਰਖ ਦੇ ਸੀਸ-ਬਲੀਦਾਨ ਦੀ ਲੋੜ ਹੈ। ਪਾਸ ਖਲੋਤੇ ਸਾਹਿਬਜ਼ਾਦਾ ਗੋਬਿੰਦ ਰਾਏ ਨੇ ਸਹਿਜ ਸੁਭਾਉ ਹੀ ਬਚਨ ਕਰ ਦਿੱਤਾ, ਗੁਰਪਿਤਾ ਗੁਰਦੇਵ ਆਪ ਤੋਂ ਮਹਾਨ ਹੋਰ ਕਿਹੜਾ ਪੁਰਖ ਹੈ!

ਮੁਗਲ ਸਾਸ਼ਨ ਕਾਲ ਵਿਚ ਇਹ ਇਕ ਨਿਸਚਿਤ ਪ੍ਰਨਾਲੀ ਸੀ ਕਿ ਸਥਾਨਕ ਅਖਬਾਰ-ਨਵੀਸ ਹਰ ਰੋਜ਼

ਹਾਲਾਤ ਅਤੇ ਘਟਨਾਵਾਂ ਦਾ ਵੇਰਵਾ ਹਕੂਮਤ ਨੂੰ ਘਲਦੇ ਰਹਿੰਦੇ ਸਨ। ਗੁਰੂ ਤੇਗ਼ ਬਹਾਦਰ ਜੀ ਪਹਿਲਾਂ ਹੋ ਚੁੱਕੇ ਗੁਰੂ ਵਿਅਕਤੀਆਂ ਦੀ ਮਰਯਾਦਾ ਅਨੁਸਾਰ ਲੋਕ-ਹਿਤ, ਲੋਕ-ਧਰਮ ਅਤੇ ਲੋਕ-ਕਲਿਆਨ ਦੇ ਪ੍ਰਤਿਨਿਧ ਪ੍ਰਤੀਕ ਸਨ। ਗੁਰੂ ਸਾਹਿਬ ਦਾ ਜੀਵਨ ਵਿਵਹਾਰ ਅਤੇ ਉਪਦੇਸ ਜਿਥੇ ਜਨ-ਸਾਧਾਰਨ ਨੂੰ ਸਚਿਆਰਤਾ ਅਤੇ ਸਾਂਝੀਵਾਲਤਾ ਵਲ ਪ੍ਰੇਰਤ ਕਰਦਾ ਸੀ ਉਥੇ ਦ੍ਰਿੜ੍ਹਤਾ ਅਤੇ ਨਿਡਰਤਾ ਦੀ ਜਾਚ ਸਿਖਾਉਂਦਾ ਸੀ। ਔਰੰਗਜ਼ੇਬ ਆਪਣੇ ਆਪ ਨੂੰ ਮਜ਼ਹਬ ਦਾ ਅਤਿਅੰਤ ਸ਼ਕਤੀਸਾਲੀ ਅਤੇ ਸਭ ਤੋਂ ਵੱਡਾ ਸਰਪਰਸਤ ਸਿੱਧ ਕਰਨਾ ਚਾਹੁੰਦਾ ਸੀ। ਇਸ ਯੋਜਨ ਦੀ ਪੂਰਤੀ ਲਈ ਉਸ ਨੇ ਜੋ ਨੀਤੀ ਮੁੱਖ ਰਖੀ ਉਸ ਦਾ ਵਰਣਨ ਉਪਰ ਕੀਤਾ ਜਾ ਚੁੱਕਾ ਹੈ। ਪਰ ਫਿਰ ਵੀ ਸਥਿਤੀ ਦੀ ਵਿਸਮਤਾ ਨੂੰ ਭਲੀ ਪ੍ਰਕਾਰ ਸਮਝਣ ਲਈ ਇਹ ਗਲ ਧਿਆਨ ਵਿਚ ਰਖਣੀ ਉਚਿਤ ਹੋਵੇਗੀ ਕਿ ਜਿਥੇ ਔਰੰਗਜ਼ੇਬ ਦੀ ਨੀਤੀ ਦਾ ਪ੍ਰਯੋਜਨ ਗੈਰ-ਮੁਸਲਮਾਨੀ ਧਰਮ ਦਾ ਉਨਮੂਲਨ ਸੀ ਉਥੇ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਪ੍ਰਚਾਰ ਦਾ ਲਕਸ ਸੀ-ਨਿਜ ਧਰਮ ਉੱਤੇ ਦ੍ਰਿੜ੍ਹਤਾ ਸਹਿਤ ਡਟੇ ਰਹਿਣਾ। ਦੂਜੇ ਸਬਦਾਂ ਵਿਚ ਗੁਰੂ ਤੇਗ਼ ਬਹਾਦਰ ਦਾ ਵਿਅਕਤਿਤਵ, ਚਿੰਤਨ ਅਤੇ ਕਰਮ-ਵਿਆਪਾਰ ਔਰੰਗਜ਼ੇਬ ਦੀ ਨੀਤੀ ਦੇ ਪ੍ਰਤਿ ਵਿਰੋਧ ਦਾ ਪ੍ਰਤੀਕ ਸੀ। ਇਸ ਦੇ ਨਾਲ ਨਾਲ ਇਕ ਹੋਰ ਬੜੀ ਗੰਭੀਰ ਅਤੇ ਮਹੱਤਵਪੂਰਣ ਵਾਸਤਵਿਕਤਾ ਹੈ ਜਿਸ ਨੂੰ ਯਾਦ ਰਖਣਾ ਅਵੱਸ਼ਕ ਹੈ। ਸੇਖ ਅਹਿਮਦ ਸਰਹੰਦੀ ਜੋ ਨਕਸਬੰਦੀ ਸਿਲਸਿਲੇ ਦਾ ਇਕ ਸਿਰਕੱਢ ਪੀਰ ਸੀ ਜਿਸ ਨੇ ਗੁਰੂ ਅਰਜਨ ਦੇਵ ਜੀ ਦੀ ਸਹੀਦੀ ਸਮੇਂ ਅਤਿਅੰਤ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਇਸ ਘਟਨਾ ਨੂੰ ਕੁਫ਼ਰ ਦੀ ਸ਼ਿਕਸੱਤ ਕਰਾਰ ਦਿੱਤਾ ਸੀ। ਸੇਖ ਅਹਿਮਦ ਸਰਹੰਦੀ ਨੇ ਆਪਣੀਆਂ ਚਿੱਠੀਆਂ (ਮਕਤੁਬਾਤ) ਵਿਚ ਜਿਹੜੇ ਖਿਆਲ ਪ੍ਰਗਟ ਕੀਤੇ ਹਨ ਉਹ ਉਸ ਦੀ ਧਾਰਮਕ ਕੱਟਰਤਾ, ਸੰਕੀਰਣਤਾ ਅਤੇ ਨਫ਼ਰਤ ਨੂੰ ਪ੍ਰਮਾਣਿਤ ਕਰਦੇ ਹਨ। ਪ੍ਰੋਫ਼ੈਸਰ ਅਸਲਮ ਦਾ ਕਥਨ ਹੈ ਕਿ ਸ਼ਾਹਜਹਾਨ ਦੀ ਜਾਨਸੀਨੀ ਵੇਲੇ ਉਸ ਦੇ ਪੁਤਰਾਂ ਵਿਚ ਜਿਹੜੀ ਲੜਾਈ ਹੋਈ, ਉਸ ਵਿਚ ਨਕਸਬੰਦੀ ਸਿਲਸਿਲੇ ਦੇ ਕਈ ਹਜ਼ਾਰ ਪੈਰੋਕਾਰਾਂ ਨੇ ਸਜਾ ਕਾਰਨਾਂ ਤੌਰ ਤੇ ਔਰੰਗਜ਼ੇਬ ਦੀ ਸਹਾਇਤਾ ਕੀਤੀ ਸੀ। ਔਰੰਗਜ਼ੇਬ ਹਮੇਸਾਂ ਸਰਹੰਦ ਦੇ ਨਕਸਬੰਦੀ ਗੱਦੀਦਾਰ ਦੇ ਪ੍ਰਤਿ ਸ਼ਰਧਾ ਅਤੇ ਆਸਥਾ ਦੀ ਭਾਵਨਾ ਰਖਦਾ ਸੀ। ਇਸ ਲਈ ਇਹ ਸਿੱਟਾ ਕੱਢਣਾ ਗਲਤ ਨਹੀਂ ਹੋਵੇਗਾ ਕਿ ਔਰੰਗਜ਼ੇਬ ਦੀ ਕੱਟਰ ਅਤੇ ਸੰਕੀਰਣ ਮਜ਼ਹਬੀ ਨੀਤੀ ਨੂੰ ਪਾਣ ਚੜ੍ਹਾਉਣ ਵਿਚ ਨਕਸ਼ਬੰਦੀ ਸਿਲਸਲੇ ਵਾਲਿਆਂ ਨੇ ਪੂਰੇ ਤਾਣ ਨਾਲ ਯੋਗਦਾਨ ਦਿੱਤਾ ਹੋਵੇਗਾ।

ਕਸ਼ਮੀਰੀ ਪੰਡਤਾਂ ਨੇ ਗੁਰੂ ਸਾਹਿਬ ਦੇ ਸਪਸਟ ਸੰਕੇਤ ਅਨੁਸਾਰ ਜਾ ਕੇ ਹਕੂਮਤ ਦੇ ਕਰਮਚਾਰੀਆਂ ਨੂੰ ਕਹਿ ਦਿੱਤਾ ਕਿ ਗੁਰੂ ਤੇਗ਼ ਬਹਾਦਰ ਸਾਹਿਬ ਸਾਡੇ ਧਰਮ ਗੁਰੂ ਹਨ, ਜੋ ਕੁਛ ਉਹ ਕਰਨਗੇ, ਅਸੀਂ ਉਹੋ ਹੀ ਕਰਾਂਗੇ। ਗੁਰੂ ਤੇਗ਼ ਬਹਾਦਰ ਦਾ ਧਰਮ ਹੀ ਸਾਡਾ ਧਰਮ ਹੋਵੇਗਾ। ਅਸੀਂ ਉਨ੍ਹਾਂ ਦੇ ਦਰਸਾਏ ਮਾਰਗ ਦਾ ਅਨੁਸਰਣ ਕਰਾਂਗੇ।

ਰਾਜ ਮੱਦ ਵਿਚ ਅੰਨ੍ਹੇ ਸੱਤਾਧਾਰੀਆਂ ਨੇ ਹੱਕ, ਇਨਸਾਫ ਅਤੇ ਇਨਸਾਨੀਅਤ ਦੀ ਆਵਾਜ਼ ਕਦੀ ਨਹੀਂ ਸੁਣੀ। ਗੁਰੂ ਤੇਗ਼ ਬਹਾਦਰ ਦੀ ਹੱਕ ਅਤੇ ਸਰਬ-ਸਾਂਝੀਵਾਲਤਾ ਦੀ ਆਵਾਜ਼ ਨੂੰ ਸੁਣ ਕੇ ਸੱਤਾਧਾਰੀਆਂ ਦੀ ਜ਼ਮੀਰ ਅਪ੍ਰਭਾਵਤ ਰਹੀ। ਹਕੂਮਤ ਨੇ ਜਬਰ ਅਤਿਆਚਾਰ ਅਤੇ ਉਤਪੀੜਨ ਦੇ ਕਠੋਰ ਅਤੇ ਕਰੜੇ ਤੋਂ ਕਰੜੇ ਸਾਧਨ ਵਰਤਣ ਦਾ ਫੈਸਲਾ ਕਰ ਲਿਆ। ਇਸ ਫੈਸਲੇ ਦਾ ਹੀ ਪਹਿਲਾ ਕਦਮ ਸੀ ਕਿ ਗੁਰੂ ਤੇਗ਼ ਬਹਾਦਰ ਜੀ ਜੋ ਧਰਮ ਪ੍ਰਚਾਰ ਕਰਦੇ ਹੋਏ ਸ਼ਾਹੀ ਬੁਲਾਵੇ ਨੂੰ ਉਡੀਕ ਰਹੇ ਸਨ; ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਇਤਿਹਾਸ ਗਵਾਹ ਹੈ ਕਿ ਹਕੂਮਤ ਨੇ ਆਪਣਾ ਪਖ ਮੰਨਵਾਉਣ ਲਈ ਸਦਾ ਜ਼ੁਲਮ ਅਤੇ ਸਿਤਮ ਦੇ ਸਾਧਨ ਨੂੰ ਵਰਤਿਆ ਹੈ ਪਰੰਤੂ ਜਿਨ੍ਹਾਂ ਮਹਾਂਪੁਰਖਾਂ ਦਾ ਸਾਰਾ ਵਜੂਦ ਸਤਿਸਰੂਪ ਹੈ ਉਹ ਸਤਿ ਦੇ ਪ੍ਰਗਟਾਵੇ ਅਤੇ ਸਤਿ ਦੇ ਐਲਾਨ ਤੋਂ ਕਦੀ ਨਹੀਂ ਰੁਕਦੇ। ਹਕੂਮਤ ਦਾ ਜ਼ਬਰ ਸੱਚ ਦੀ ਆਵਾਜ਼ ਨੂੰ ਖਤਮ ਕਰਨ ਵਿਚ ਕਦੀ ਸਫ਼ਲ ਨਹੀਂ ਹੋਇਆ। ਹਕੂਮਤ ਦੇ ਪਾਸ ਆਗਿਆਕਾਰੀ ਕਰਮਚਾਰੀ ਹੁੰਦੇ ਹਨ ਜੋ ਨੇਜ਼ਿਆਂ ਜਾਂ ਤਲਵਾਰਾਂ ਦੇ ਨਾਲ ਸੁਸੱਜਿਤ ਰਹਿੰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਸਾਧਾਰਣ ਮਨੁੱਖ ਭੈ-ਭੀਤ ਹੋ ਜਾਂਦਾ ਹੈ। ਪਰੰਤੂ ਜਿਨ੍ਹਾਂ ਮਹਾਂਪੁਰਖਾਂ ਦਾ ਜੀਵਨ ਨਿਰਭਉ ਭਗਵਾਨ ਦੇ ਵਿਚ ਸਰਸਾਰ ਹੈ ਅਤੇ ਜਿਨ੍ਹਾਂ ਦੀ ਸਮਾਧੀ-ਯੁਕਤ ਦ੍ਰਿਸਟੀ ਵਿਚ ਇਕ ਅਕਾਲ ਦਾ ਜਲਾਲ ਵਸਦਾ ਹੈ ਉਹ ਆਪਣੇ ਆਦਰਸ਼ ਵਿਚ ਦ੍ਰਿੜ੍ਹ ਰਹਿੰਦੇ ਹਨ। ਦਿੱਲੀ ਵਿਚ ਹਕੂਮਤੀ ਕਰਮਚਾਰੀਆਂ ਨੇ ਆਪਣੇ ਬਲ ਦਾ ਵਿਕਰਾਲ ਰੂਪ ਦਰਸਾਉਣ ਦਾ ਹਰ ਸੰਭਵ ਯਤਨ ਕੀਤਾ। ਗੁਰੂ ਸਾਹਿਬ ਦੇ ਸੇਵਕਾਂ ਵਿਚੋਂ ਜਿਹੜੇ ਉਸ ਵੇਲੇ ਆਪ ਨਾਲ ਸਨ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਦੋ-ਫਾੜ ਕੀਤਾ ਗਿਆ; ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਸ਼ਹੀਦ ਕੀਤਾ ਗਿਆ; ਭਾਈ ਸਤੀ ਦਾਸ ਦਾ ਬੰਦ ਬੰਦ ਕਟਿਆ ਗਿਆ। ਗੁਰੂ ਸਾਹਿਬ ਨੂੰ ਜੋ ਤਸੀਹੇ ਦਿੱਤੇ ਗਏ ਉਸ ਸੰਬੰਧੀ ਕੋਇਰ ਸਿੰਘ ਕਰਤਾ 'ਗੁਰ ਬਿਲਾਸ ਪਾਤਸ਼ਾਹੀ ੧੦' ਵਿਚ ਲਿਖਿਆ ਹੈ:

ਥੰਭ ਤਪਾਵਤ ਲੋਹ ਕੇ ਨੀਰ ਦੇਤ ਨਹਿ ਰੰਚਤ।
ਤਪਤ ਅਧੋ ਮੁਖ ਕਰਤ ਹੈ ਰੇਤ ਤਪਤ ਅਤਯੰਤ ॥

ਹਕੂਮਤ ਦੇ ਤਸੀਹੇ ਅਤੇ ਪ੍ਰਭਨ ਸਤਿਸਰੂਪ ਧਰਮ-ਮੂਰਤ ਗੁਰੂ ਤੇਗ਼ ਬਹਾਦਰ ਦੀ ਤੇਜਸਵੀ ਅਡੋਲਤਾ ਦੇ ਸਾਹਮਣੇ ਵਿਅਰਥ ਸਾਬਤ ਹੋਏ। ਆਖੀਰ ਸਪਸਟ ਰੂਪ ਵਿਚ ਇਹ ਕਿਹਾ ਗਿਆ ਕਿ ਜਾਂ ਕਰਾਮਾਤ ਦਰਸਾਓ ਜਾਂ ਇਸਲਾਮ ਕਬੂਲ ਕਰ ਲਵੋ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਦੋਹਾਂ ਗਲਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਛੇਕੜ ਸਾਸ਼ਨ ਸੱਤਾ ਨੇ ਆਪਣਾ ਆਖਰੀ ਕਦਮ ਚੁੱਕਿਆ। ਜੱਲਾਦ ਨੂੰ ਹੁਕਮ ਹੋਇਆ, ਤਲਵਾਰ ਬੁਲੰਦ ਹੋਈ ਅਤੇ ਪ੍ਰਕਾਸ-ਪੁੰਜ ਸੀਸ ਧੜ ਤੋਂ ਅਲਗ ਹੋ ਕੇ ਧਰਤੀ ਨੂੰ ਪਵਿੱਤਰ ਬਣਾ ਗਿਆ। ਇਸ ਘਟਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਬਦਾਂ ਵਿਚ ਇਉਂ ਸਾਕਾਰ ਕੀਤਾ ਹੈ :

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਧਰਮ, ਸਚਿਆਰਤਾ, ਸੁਤੰਤਰਤਾ ਅਤੇ ਇਨਸਾਨੀਅਤ ਦੀਆਂ ਸਦੀਵੀ ਪਵਿੱਤਰ ਕੀਮਤਾਂ ਦੀ ਅਮਰਤਾ ਦਾ ਇਕ ਅਜਿਹਾ ਬਿੰਬ ਹੈ ਜੋ ਇਤਿਹਾਸ ਵਿਚ ਸਦਾ ਜਗਮਗਾਉਂਦਾ ਰਹੇਗਾ।

**ਸ਼ਹੀਦੀ ਸਾਕੇ ਦੇ ਸਿੱਟੇ**

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਫਲਸਰੂਪ ਮਸੂਮ ਲੋਕਾਈ ਦਿਆਂ ਦਿਲਾਂ ਅੰਦਰ ਇਕ ਅਜਿਹਾ ਇਨਕਲਾਬ ਪੈਦਾ ਹੋ ਗਿਆ ਕਿ ਉਸ ਨੇ ਨਿਜ-ਪ੍ਰਗਟਾਵੇ ਅਤੇ ਸੁਤੰਤਰਤਾ ਦੀ ਪ੍ਰਾਪਤੀ ਲਈ ਕਰਮ ਮਾਰਗ ਨੂੰ ਗ੍ਰਹਿਣ ਕੀਤਾ ਅਤੇ 'ਸਿਰ ਤਲੀ ਤੇ ਧਰ ਕੇ' ਇਸ ਮਾਰਗ ਉਪਰ ਵਿਚਰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ, ਜਾਨਾਂ ਵਾਰੀਆਂ, ਦੁਖ ਅਤੇ ਤਸੀਹੇ ਬਰਦਾਸਤ ਕਰਦੇ ਹੋਏ ਸਿੱਖੀ ਸਿਦਕ ਵਿਚ ਅਡੋਲ ਅਤੇ ਦ੍ਰਿੜ੍ਹ ਰਹੇ। ਇਹ ਅਡੋਲ ਦ੍ਰਿੜ੍ਹਤਾ ਜਿਹੜੀ ਗੁਰੂ ਤੇਗ਼ ਬਹਾਦਰ ਦੀ ਸਹੀਦੀ ਨੇ ਟੁੰਬ ਜਗਾਈ ਉਹ ਹਕੂਮਤ ਦੇ ਜ਼ੁਲਮ ਦੇ ਸਾਹਮਣੇ ਇਕ ਅਚਲ ਅਟਲ ਚੱਟਾਨ ਸਾਬਤ ਹੋਈ ਅਤੇ ਜਿਸ ਨੇ ਉਸ ਸ਼ਾਸਨ-ਵਿਵਸਥਾ ਨੂੰ ਜੋ ਸੁਤੰਤਰਤਾ, ਸਾਂਝੀਵਾਲਤਾ ਅਤੇ ਸਰਬਮਈ ਮਾਨਵਤਾ ਦੇ ਅਧਿਕਾਰਾਂ ਤੋਂ ਵੰਚਿਤ ਰੱਖਣ ਵਿਚ ਹੀ ਆਪਣੀ ਵਡਿਆਈ ਸਮਝਦੀ ਸੀ ਖਤਮ ਕਰ ਦਿੱਤਾ। ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਹਕੂਮਤ ਅਤੇ ਵੰਡਮੁਖੀ ਸਮਾਜ ਦੀ ਧੱਕੇਸ਼ਾਹੀ ਦੇ ਵਿਰੁੱਧ ਧਰਮ ਆਧਾਰਿਤ ਸਚਿਆਰਤਾ ਦੀ ਬਗਾਵਤ ਅਤੇ ਫਤਹਿ ਸੀ।

**ਗੁਰਬਾਣੀ ਵਿਚਾਰ**

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜੋ ਸਾਰੀ ਬਾਣੀ ਦੀ ਤਰਤੀਬ ਅਤੇ ਵਿਉਂਤ ਦੇ ਅਨੁਸਾਰ ਰਾਗਾਂ ਵਿਚ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਆਕਾਰ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਆਪ ਦੇ ਉਚਾਰਨ ਕੀਤੇ ਹੋਏ 59 ਸ਼ਬਦ ਅਤੇ 57 ਸਲੋਕ ਹਨ (ਜਿਨ੍ਹਾਂ ਨੂੰ ਭੋਗ ਦੇ ਸਲੋਕ ਵੀ ਕਿਹਾ ਜਾਂਦਾ ਹੈ)। ਜਿਥੋਂ ਤਕ ਅਧਿਆਤਮਿਕਤਾ, ਨੈਤਿਕਤਾ, ਗਿਆਨ-ਆਦਰਸ਼ ਅਤੇ ਸਾਧਨਾ ਦਾ ਸੰਬੰਧ ਹੈ, ਗੁਰੂ ਸਾਹਿਬ ਦੀ ਬਾਣੀ ਸਮਸੱਤ ਗੁਰਬਾਣੀ ਦੇ ਨਾਲ ਇਕਸੁਰ ਹੈ। ਗੁਰਮਤਿ ਵਿਚ ਇਹ ਮਾਨਿਅਤਾ ਸਰਬ ਸਵੀਕ੍ਰਿਤ ਹੈ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

ਭਾਵ ਇਹ ਕਿ ਗੁਰੂ ਵਿਅਕਤੀਆਂ ਇਕੋ ਹੀ ਪਾਵਨ ਜੋਤਿ ਅਤੇ ਇਕੋ ਹੀ ਮਰਯਾਦਾ-ਜੁਗਤ ਦੇ ਸੰਚਾਲਕ ਅਤੇ ਸੰਸਥਾਪਕ ਸਨ। ਗੁਰੂ ਤੇਗ਼ ਬਹਾਦਰ ਅਨੁਸਾਰ ਪਰਮਾਤਮਾ ਜਾਂ ਅਕਾਲਪੁਰਖ ਜਾਂ ਪਰਮੇਸ਼ਵਰ ਉੱਚਤਮ, ਪਾਵਨਤਮ, ਨਿਰਪੇਕਸ ਸਤਿ ਹੈ ਜਿਸ ਦੀ ਗਤਿ ਮਿਤਿ ਸਮਝਣੀ ਇਨਸਾਨ ਦੀ ਸਮਰਥਾ ਤੋਂ ਬਾਹਰ ਹੈ। ਜੋਗੀ, ਜਤੀ, ਤਪੀ ਅਤੇ ਕਈ ਹੋਰ ਪ੍ਰਕਾਰ ਦੇ ਸਾਧਕ ਉਸ ਧਰਮ ਦਾ ਮਰਮ ਸਮਝਣ ਅਤੇ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ। ਪਰੰਤੂ ਉਹ ਪਰਮ ਸਰਵਸ਼ਕਤੀਮਾਨ ਅਤੇ ਸਰਬਮਈ ਕਰਤਾ ਹੈ। ਛੋਟੇ ਨੂੰ ਵਡਾ, ਵਡੇ ਨੂੰ ਛੋਟਾ, ਰਾਉ ਨੂੰ ਰੰਕ ਅਤੇ ਰੰਕ ਨੂੰ ਰਾਉ, ਹੌਲੇ ਨੂੰ ਭਾਰਾ ਅਤੇ ਭਾਰੇ ਨੂੰ ਹੌਲਾ ਬਣਾ ਦੇਣਾ ਉਸ ਦਾ ਮਾਮੂਲੀ ਚਮਤਕਾਰ ਹੈ। ਦ੍ਰਿਸ਼ਮਾਨ ਸੰਸਾਰ ਵਿਚ ਜੋ ਘਟਨਾਵਾਂ ਵਾਪਰਦੀਆਂ ਹਨ, ਜੋ ਸਥਿਤੀਆਂ ਹੋਂਦ ਵਿਚ ਆਉਂਦੀਆਂ ਹਨ, ਨਾਵਾਂ ਅਤੇ ਰੂਪਾਂ ਦਾ ਜੋ ਪਰਿਵਰਤਨ ਹੋਂਦਵਾਨ ਹੁੰਦਾ ਹੈ, ਇਸ ਸਭ ਕੁਝ ਦਾ ਕਰਨਹਾਰ ਉਹ ਅਕਾਲਪੁਰਖ ਹੈ। ਇਹ ਪਸਾਰਾ ਉਸ ਨੇ ਆਪ ਪਸਾਰਿਆ ਹੈ। ਉਹ ਅਲੱਖ, ਅਪਾਰ ਅਤੇ ਨਿਰੰਜਨ ਹੈ ਜੋ ਦ੍ਰਿਸ਼ਮਾਨ ਪਸਾਰੇ ਦਾ ਸਾਜਨਹਾਰਾ ਪਰੰਤੂ ਸਭ ਕਾਸੇ ਤੋਂ ਅਤੀਤ ਅਤੇ ਨਿਆਰਾ ਹੈ।

ਧਰਮ ਉਪਰ ਆਧਾਰਿਤ ਵਿਚਾਰ ਸੰਸਕ੍ਰਿਤੀ ਵਿਚ ਦੋ ਧਾਰਾਵਾਂ ਪ੍ਰਮੁੱਖ ਹਨ, ਯਥਾ-ਆਸਤਿਕ ਅਤੇ ਨਾਸਤਿਕ। ਵਧੀਕ ਸਪਸਟੀਕਰਣ ਵਜੋਂ ਇਹ ਕਹਿਣਾ ਉਚਿਤ ਹੋਵੇਗਾ ਕਿ ਸੰਸਾਰ ਦੇ ਪ੍ਰਮੁਖ ਧਰਮਾਂ ਵਿਚੋਂ ਜਿਹੜੇ ਪਰਮ ਸਤਿ ਜਾਂ ਪਰਮੇਸ਼ਵਰ ਦੀ ਹੋਂਦ ਦੇ ਕਾਇਲ ਹਨ ਉਨ੍ਹਾਂ ਨੂੰ ਆਸਤਿਕ ਅਤੇ ਜਿਹੜੇ ਧਰਮ ਪਰਮੇਸਵਰ ਦੀ ਹੋਂਦ ਤੋਂ ਮੁਨਕਰ ਹਨ,

ਉਨ੍ਹਾਂ ਨੂੰ ਨਾਸਤਿਕ ਕਿਹਾ ਜਾਂਦਾ ਹੈ। ਆਸਤਿਕ ਧਰਮ-ਚੇਤਨਾ ਅਨੁਸਾਰ ਮਾਨਵ ਜੀਵਨ ਦਾ ਪ੍ਰਮੁਖ ਪ੍ਰਯੋਜਨ ਪ੍ਰਭੂ ਜਾਂ ਪਰਮੇਸ਼ਵਰ ਦੀ ਪ੍ਰਾਪਤੀ ਹੈ। ਇਸ ਪ੍ਰਾਪਤੀ ਨੂੰ ਪਰਮ ਪਦ ਵਿਚ ਆਖਿਆ ਜਾਂਦਾ ਹੈ। ਪ੍ਰਭੂ ਦੇ ਪ੍ਰੀਤ ਇਨਸਾਨੀ ਮਨ ਦੀ ਕੁਦਰਤੀ ਸੱਚੀ ਅਤੇ ਵਾਸਤਵਿਕ ਆਕਾਂਖਿਆ ਹੈ। ਪਰੰਤੂ ਇਸ ਆਕਾਂਖਿਆ ਦੀ ਤ੍ਰਿਪਤੀ ਲਈ ਅਤੇ ਅੰਤਿਮ ਪ੍ਰਯੋਜਨ ਦੀ ਪ੍ਰਾਪਤੀ ਲਈ ਜਿਹੜੇ ਸਾਧਨ-ਮਾਰਗ ਗ੍ਰਹਿਣ ਕੀਤੇ ਜਾਂਦੇ ਰਹੇ ਹਨ, ਉਹ ਭਿੰਨ ਭਿੰਨ ਹਨ। ਭਾਰਤ ਵਿਚ ਇਨ੍ਹਾਂ ਵਿਭਿੰਨ ਸਾਧਨਾ-ਮਾਰਗਾਂ ਵਿਚੋਂ ਜੋਗ ਮਾਰਗ ਦਾ ਇਕ ਖਾਸ ਮਹੱਤਵ ਮੰਨਿਆ ਗਿਆ ਹੈ। ਜਿਹੜਾ ਵਿਅਕਤੀ ਜੋਗ ਨਾਲ ਸੰਬੰਧਿਤ ਬਾਹਰੀ ਭੇਖ ਧਾਰਣ ਕਰਦਾ ਹੈ, ਪਰੰਤੂ ਦੂਜਿਆਂ ਦੀ ਨਿੰਦਾ ਉਸਤਤਿ ਵਿਚ ਸੰਲਗਨ ਰਹਿੰਦਾ ਹੈ, ਜਿਸ ਦਾ ਮਨ ਭਟਕਦਾ ਰਹਿੰਦਾ ਹੈ, ਅਜਿਹਾ ਜੋਗੀ ਪ੍ਰਭੂ ਪ੍ਰਾਪਤੀ ਦੀ ਜੁਗਤ ਨਹੀਂ ਜਾਣਦਾ। ਅਧਿਆਤਮਿਕ ਜੀਵਨ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਘਰ ਅਤੇ ਗ੍ਰਿਹਸਥ ਨੂੰ ਤਿਆਰ ਕੇ ਜੰਗਲ ਬੀਆਬਾਨ ਵਿਚ ਜਾਣ ਦੀ ਲੋੜ ਨਹੀਂ। ਗੁਰੂ ਮਹਾਰਾਜ ਫੁਰਮਾਉਂਦੇ ਹਨ ਕਿ ਜੰਗਲ ਬੀਆਬਾਨ ਵਿਚ ਜਿਸ ਦੀ ਤਲਾਸ ਵਾਸਤੇ ਲੋਕੀਂ ਜਾਂਦੇ ਹਨ, ਉਹ ਨਿਰਪੇਕਸ ਸਦਾ ਨਿਰਲੇਪ ਹੈ ਪਰੰਤੂ ਸਰਬਵਿਆਪੀ ਅਤੇ ਘਟ-ਘਟ ਨਿਵਾਸੀ ਹੈ। ਪਰਮ ਸਤਿ ਅਤੇ ਦਿਸਮਾਨ ਦੇ ਪਰਸਪਰ ਸੰਬੰਧ ਨੂੰ ਸਪਸਟ ਕਰਨ ਲਈ ਗੁਰੂ ਸਾਹਿਬ ਨੇ ਉਸ ਪਰਮ ਦੀ ਸਰਬ-ਵਿਆਪਕਤਾ ਦੇ ਰਹੱਸਯ ਨੂੰ ਮੂਰਤੀਮਾਨ ਕਰਨ ਲਈ ਸਪੱਸਟ ਅਤੇ ਧਾਰਮਿਕ ਸ਼ੈਲੀ ਦੁਆਰਾ ਇਹ ਫ਼ਰਮਾਇਆ ਕਿ ਜਿਵੇਂ ਫੁੱਲ ਵਿੱਚ ਖੁਸ਼ਬੂ ਹੈ ਅਰ ਦਰਪਣ ਵਿਚ ਜਿਵੇਂ ਪ੍ਰਤਿਬਿੰਬ ਵਸਦਾ ਹੈ ਉਸੇ ਪ੍ਰਕਾਰ ਪਰਮਸਤਿ ਹਰ ਥਾਂ ਹਰ ਕਣ ਵਿਚ ਵਿਦਮਾਨ ਹੈ। ਉਸ ਦੀ ਖੋਜ ਲਈ ਅੰਤਰ-ਆਤਮਾ ਵਲ ਦ੍ਰਿਸਟੀ ਨੂੰ ਕੇਂਦ੍ਰਿਤ ਕਰਨ ਦੀ ਲੋੜ ਹੈ।

ਗੁਰੂ ਤੇਗ਼ ਬਹਾਦਰ ਜੀ ਦੇ ਉਪਦੇਸ ਅਨੁਸਾਰ ਸਾਧਨਾ-ਪ੍ਰਣਾਲੀ ਦੇ ਮਹਤਵਪੂਰਣ ਪਖ ਹਨ- ਪੱਤੀ ਅਤੇ ਗੁਣ-ਗਾਇਨ। ਪੱਤੀ ਦਾ ਤਾਤਪਰਜ ਹੈ ਪ੍ਰਭੂ ਦੀ ਸ਼ਰਨ ਵਿਚ ਜਾਣਾ। ਜਿਹੜਾ ਵਿਅਕਤੀ ਮਨ, ਬਚਨ, ਕਰਮ ਸਹਿਤ ਆਪਣੇ ਆਪ ਨੂੰ ਪ੍ਰਭੂ ਦੀ ਸ਼ਰਨ ਵਿਚ ਸਮਰਪਿਤ ਕਰ ਦਿੰਦਾ ਹੈ, ਉਹ ਉੱਤਮ ਪਦਵੀ ਦਾ ਧਾਰਨੀ ਹੋ ਨਿਬੜਦਾ ਹੈ। ਇਨਸਾਨ ਸਦਾ ਸੁਖ ਦਾ ਤਲਬਗਾਰ ਹੈ। ਉਸਦੀ ਸਾਰੀ ਕਾਰਜਸ਼ਕਤੀ ਇਸ ਗੱਲ ਵਿਚ ਲੀਨ ਰਹਿੰਦੀ ਹੈ ਕਿ ਦੁਖ ਤੋਂ ਛੁਟਕਾਰਾ ਤੇ ਸੁਖ ਕਿਵੇਂ ਪ੍ਰਾਪਤ ਕੀਤਾ ਜਾਵੇ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਨਾਮ ਸਿਮਰਨ ਦੁਆਰਾ ਹੀ ਸੁਖ ਦੀ ਪ੍ਰਾਪਤੀ ਸੰਭਵ ਹੈ। ਮਹਾਰਾਜ ਫ਼ਰਮਾਉਂਦੇ ਹਨ:

ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥੧॥
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ॥੧॥
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਣਾਈ॥੨॥੧॥

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਸਚਿਆਰ ਜੀਵਨ ਦਾ ਜਿਹੜਾ ਸੰਕਲਪ ਅਤੇ ਸ੍ਵਰੂਪ ਮੂਰਤੀਮਾਨ ਹੋਇਆ ਹੈ ਉਸ ਅਨੁਸਾਰ ਗੁਣ-ਗਾਇਨ ਹੀ ਉੱਤਮ ਅਤੇ ਪਵਿੱਤਰ ਸਾਧਨ ਹੈ। ਜਿਹੜੇ ਵਿਅਕਤੀ ਸੰਸਾਰ ਦੀਆਂ ਨਾਸਮਾਨ ਰੰਗੀਨੀਆਂ ਵਿਚ ਖਚਿਤ ਰਹਿੰਦੇ ਹਨ, ਨਾਨਾ ਪ੍ਰਕਾਰ ਦੇ ਵਿਸ਼ਿਆਂ ਵਿਚ ਆਸਕਤ ਰਹਿ ਕੇ ਇਨਸਾਨੀ ਉਮਰ ਦਾ ਵੱਡਮੁਲਾ ਭਾਗ ਜਵਾਨੀ ਬਰਬਾਦ ਕਰ ਲੈਂਦੇ ਹਨ, ਉਹ ਸਾਰਾ ਜੀਵਨ ਵਿਅਰਥ ਨਸਟ ਕਰ ਲੈਂਦੇ ਹਨ। ਜਿਹੜੇ ਵਿਅਕਤੀ ਤਤ-ਗਿਆਨ ਤੋਂ ਵੰਚਿਤ ਹਨ, ਉਹ ਪਤਨੀ, ਧਨ, ਪਦਾਰਥ ਇਤਿਆਦਿ ਨੂੰ ਹੀ ਜੀਵਨ ਦੀ ਸਾਰਥਕਤਾ ਦਾ ਠੋਸ ਆਧਾਰ ਮੰਨ ਲੈਂਦੇ ਹਨ। ਪਰੰਤੂ ਜਿਨ੍ਹਾਂ ਸਾਧਕਾਂ ਨੇ ਸਾਧਨਾ ਦੁਆਰਾ ਅਧਿਆਤਮਿਕ ਮਤਿ ਦੀ ਸਥਿਰਤਾ ਪ੍ਰਾਪਤ ਕਰ ਲਈ ਹੈ ਉਹ ਆਪਣੀਆਂ ਬਿਰਤੀਆਂ ਨੂੰ ਛਿਨ-ਭੰਗਰ ਵਸਤੂਆਂ ਵਲੋਂ ਰੋਕ ਕੇ ਇਕ ਪ੍ਰਭੂ ਦੇ ਸਿਮਰਨ ਅਤੇ ਗੁਣ-ਗਾਇਨ ਵਿਚ ਕੇਂਦਰਿਤ ਕਰ ਲੈਂਦੇ ਹਨ। ਇਹੋ ਹੀ ਉਹ ਵਿਅਕਤੀ ਹੁੰਦੇ ਹਨ ਜਿਹੜੇ ਸੁਖ ਦੁਖ, ਮਾਨ ਅਪਮਾਨ, ਕਾਮ ਕ੍ਰੋਧ, ਹਰਖ ਸੋਗ ਤੋਂ ਅਤੀਤ ਹੁੰਦੇ ਹਨ ਅਤੇ ਇਸ ਕਠਿਨ ਖੇਲ ਦੁਆਰਾ ਨਿਰਬਾਣ-ਪਦ ਨੂੰ ਪ੍ਰਾਪਤ ਹੁੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਉੱਤਮ ਵਿਅਕਤੀ ਦੇ ਵਿਵਹਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਹਰੇਕ ਦੇ ਵਜੂਦ ਵਿਚ ਪਰਮ ਦੇ ਪ੍ਰਕਾਸ ਦਾ ਜਲਵਾ ਦੇਖਦਾ ਹੈ ਅਤੇ ਇਸ ਤਰ੍ਹਾਂ ਹਰ ਵਿਅਕਤੀ ਨੂੰ ਸਨਮਾਨ ਅਤੇ ਸਤਿਕਾਰ ਦਾ ਅਧਿਕਾਰ ਸਮਝਦਾ ਹੈ। ਅਜਿਹਾ ਉੱਤਮ ਵਿਅਕਤੀ ਕਿਸੇ ਤੋਂ ਡਰਦਾ ਨਹੀਂ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਗੁਰਵਾਕ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥

ਜੇ ਵਿਅਕਤੀਗਤ ਸਖ਼ਸੀਅਤ ਅਤੇ ਸਮੂਹੀ ਸਖ਼ਸੀਅਤ ਦੀ ਉਸਾਰੀ ਅਤੇ ਘਾੜਤ ਉਕਤ ਗੁਰਵਾਕ ਅਨੁਸਾਰ ਕੀਤੀ ਜਾਵੇ ਤਾਂ ਫਿਰ ਅਜਿਹਾ ਵਾਤਾਵਰਣ ਸੰਭਵ ਹੋਵੇਗਾ ਜਿੱਥੇ ਕੋਈ ਵੈਰੀ ਅਤੇ ਬੇਗਾਨਾ ਨਹੀਂ ਹੋਵੇਗਾ ਅਤੇ ਜਿਥੇ ਸਾਂਝ ਅਤੇ ਸਾਂਝੀਵਾਲਤਾ ਦਾ ਸਵੱਛ ਪ੍ਰੇਮ ਪ੍ਰਕਾਸਮਾਨ ਹੋਵੇਗਾ।

.....................................................

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਮਨ



**–ਡਾ. ਧਰਮ ਸਿੰਘ**

ਨਵੀਂ ਅਤੇ ਪੁਰਾਣੀ ਪੰਜਾਬੀ ਵਿਚ ਬੇਸ਼ੱਕ 'ਮਨ' ਇਕ ਆਮ ਪ੍ਰਚਲਿਤ ਅਤੇ ਸਾਧਾਰਨ ਸ਼ਬਦ ਹੈ, ਪਰੰਤੂ ਗੁਰਬਾਣੀ ਵਿਚ ਇਹ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ ਜਿਸ ਦੀਆਂ ਅੱਗੇ ਕਈ ਪਰਤਾਂ ਅਤੇ ਰੰਗ ਹਨ। ਗੁਰਬਾਣੀ ਵਿਚ 'ਮਨ' ਇਕ ਸੰਕਲਪ ਹੈ, ਜਿਸ ਨੂੰ ਹੋਰ ਕਈ ਸਮਾਨ-ਅਰਥਕ ਸ਼ਬਦਾਂ ਦੀ ਮਦਦ ਨਾਲ ਸੂਚਿਤ ਅਤੇ ਹੋਰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਅੰਗਰੇਜ਼ੀ ਸ਼ਬਦ ਵੀ ਇਨ੍ਹਾਂ ਅਰਥਾਂ ਦੇ ਸੂਚਕ ਹਨ। ਫ਼ਾਰਸੀ ਸ਼ਬਦ 'ਨਫ਼ਸ' ਹੈ, ਜਿਸ ਦਾ ਅਗਲਾ ਵਿਸਤਾਰ ਨਫ਼ਸਕੁਸ਼ੀ ਅਰਥਾਤ ਮਨ ਨੂੰ ਜਾਂ ਵਿਕਾਰਾਂ ਨੂੰ ਮਾਰਨਾ ਹੈ।

ਮਨੁੱਖੀ ਸਰੀਰ ਵਿਚ ਮਨ ਇਕ ਅਜਿਹਾ ਸੂਖਮ ਤੱਤ ਹੈ ਜੋ ਉਸ ਦੀਆਂ ਸ਼ਕਤੀਆਂ ਅਤੇ ਹਰ ਪ੍ਰਕਾਰ ਦੀਆ ਕਿਰਿਆਵਾਂ ਸੰਚਾਲਿਤ ਕਰਦਾ ਹੈ। ਇਹ ਇਕ ਮਨੋਬਿਰਤੀ ਜਾਂ ਅਵਸਥਾ ਹੈ ਜੋ ਹਰ ਘੜੀ ਵੱਖਰੇ-ਵੱਖਰੇ ਪ੍ਰਭਾਵਾਂ ਅਧੀਨ ਬੜੀ ਛੇਤੀ ਬਦਲਦੀ ਰਹਿੰਦੀ ਹੈ ਅਤੇ ਬਹੁਤੀ ਵਾਰੀ ਇਹ ਮਾੜੇ ਪ੍ਰਭਾਵਾਂ ਕਰਕੇ ਬੜੀ ਛੇਤੀ ਬਦਲ ਜਾਂਦੀ ਹੈ। ਮਨ ਨੂੰ ਕਾਬੂ ਵਿਚ ਰੱਖਣ ਜਾਂ ਜਿੱਤਣ ਨੂੰ ਜਗ ਜਿੱਤਣ ਦੇ ਬਰਾਬਰ ਮੰਨਿਆ ਗਿਆ ਹੈ। ਸ਼ਾਇਦ ਇਸੇ ਲਈ ਗੁਰਬਾਣੀ ਵਿਚ ਮਨ ਦੀ ਵਿਸ਼ੇਸ਼ ਅਤੇ ਵਿਆਪਕ ਰੂਪ ਵਿਚ ਚਰਚਾ ਹੋਈ ਹੈ। ਵੱਡੇ ਅਰਥਾਂ ਵਿਚ ਮਨ ਅਸਲ ਵਿਚ ਮਨੁੱਖ ਦਾ ਹੀ ਪਰਿਆਇਵਾਚੀ ਬਣ ਨਿੱਬੜਿਆ ਹੈ। ਇਸੇ ਲਈ ਮਨ ਲਈ ਵਰਤੇ ਗਏ ਸੰਬੋਧਨ ਮਨੁੱਖ ਲਈ ਵੀ ਮੰਨੇ ਜਾ ਸਕਦੇ ਹਨ।

'ਸਮ ਅਰਥ ਕੋਸ਼' (ਗਿਆਨੀ ਕਿਰਪਾਲ ਸਿੰਘ) ਅਨੁਸਾਰ ਮਨ ਲਈ ਗੁਰਬਾਣੀ ਵਿਚ ਵਰਤੇ ਗਏ ਸ਼ਬਦਾਂ ਦੀ ਗਿਣਤੀ ਤਕਰੀਬਨ ਤੀਹ ਹੈ, ਜਿਨ੍ਹਾਂ ਵਿੱਚੋਂ ਕੁਝ ਹਨ: ਉਰ, ਹੀਅਰਾ, ਹੀਉ, ਹੀਆ, ਹਿਤ, ਜੀਅ, ਜੀਅਰਾ ਜਾਂ ਜੀਅੜਾ, ਮਨੂਆ ਅਤੇ ਮਨਸ ਆਦਿ ਪ੍ਰਮੁੱਖ ਹਨ। ਇਹ ਇਕ ਦਿਲਚਸਪ ਤੱਥ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਸਾਰੇ ਸੰਬੋਧਨ ਮਨ ਨੂੰ ਹਨ। ਗੁਰੂ ਜੀ ਰਾਗ ਜੈਜਾਵੰਤੀ ਵਿਚ ਅੰਕਿਤ ੫੭ ਸਲੋਕਾਂ ਵਿੱਚੋਂ ਅੱਧਿਆਂ ਵਿਚ ਹਰ ਦੂਜੀ ਪੰਕਤੀ ਵਿਚ "ਰੇ ਮਨ" "ਮਨ ਰੇ" ਅਤੇ "ਕਹੁ ਨਾਨਕ ਸੁਨ ਰੇ ਮਨਾ" ਆਦਿ ਵਾਕੰਸ਼ ਆਏ ਹਨ। ਭਾਵੇਂ ਵਧੇਰੇ ਸ਼ਬਦ ਮਨ ਹੀ ਵਰਤਿਆ ਗਿਆ ਹੈ, ਪਰ ਕਿਤੇ-ਕਿਤੇ ਚਿੱਤ (ਚੀਤ) ਅਤੇ ਹੀਆ ਆਦਿ ਵੀ ਹਨ।

ਗੁਰਬਾਣੀ ਦੀ ਦਲੀਲ ਹੈ ਕਿ ਜੀਵਾਤਮਾ ਮਾਇਆ ਦੇ ਪ੍ਰਭਾਵ ਕਾਰਨ ਪੰਜ ਵਿਕਾਰਾਂ ਵਿਚ ਫਸ ਕੇ ਖ਼ੁਆਰ ਹੁੰਦੀ ਹੈ:

-ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ॥
ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ॥

-ਭੂਲਿਓ ਮਨੁ ਮਾਇਆ ਉਰਝਾਇਓ॥
ਜੋ ਜੋ ਕਰਮ ਕੀਓ ਲਾਲਚ ਲਗਿ
ਤਿਹ ਤਿਹ ਆਪੁ ਬੰਧਾਇਓ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਸਮੇਤ ਗੁਰਬਾਣੀ ਵਿਚ ਮਨ ਦੇ ਕੁਝ ਲੱਛਣ/ਔਗੁਣ ਬਿਆਨ ਕੀਤੇ ਗਏ ਹਨ ਜਿਨ੍ਹਾਂ ਕਰਕੇ ਇਹ ਮਨ ਸਭ ਉਲਝਣਾਂ ਬਖੇੜਿਆਂ ਦਾ ਕਾਰਨ ਬਣਦਾ ਹੈ। ਮਨ ਦੇ ਔਗੁਣ ਇਹ ਹਨ: ਚੰਚਲਤਾ, ਹਉਮੈਂ, ਮਲੀਨਤਾ, ਭਟਕਣ, ਬੇਵਿਸ਼ਵਾਸੀ, ਹਟੀਲਾ (ਹੱਠੀ) ਢੀਠ, ਖੋਟਾ, ਕਾਮ-ਗ੍ਰਸਿਤ, ਲੋਭੀ, ਲਾਪਰਵਾਹ (ਗਾਫਲ) ਆਦਿ। ਇੱਥੇ ਇਹ ਉੱਲੇਖਯੋਗ ਹੈ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਖਮ ਅਤੇ ਅਮੂਰਤ ਮਨ ਨੂੰ ਸਮੂਰਤ ਬਣਾਉਣ ਲਈ ਕਈ ਰੂਪਕ ਵਰਤੇ ਗਏ ਹਨ। ਇਨ੍ਹਾਂ ਰੂਪਕਾਂ ਵਿਚ ਜਾਨਵਰ, ਪੰਛੀ, ਵਸਤਾਂ ਅਤੇ ਹੋਰ ਕਈ ਕੁਝ ਸ਼ਾਮਲ ਹੈ। ਇਨ੍ਹਾਂ ਦਾ ਮਹੱਤਵ ਦੋਹਰਾ ਹੈ। ਇਹ ਜਿੱਥੇ ਮਨ ਵਰਗੀ ਸੂਖਮ ਚੀਜ਼ ਦਾ

ਸਮੂਰਤੀਕਰਣ ਕਰਦੇ ਹਨ, ਉੱਥੇ ਇਸ ਦੇ ਗੁਣ-ਲੱਛਣ ਵੀ ਬਿਆਨ ਕਰਦੇ ਹਨ। ਮਿਸਾਲ ਵਜੋਂ ਇਸ ਦਾ ਪਹਿਲਾ ਲੱਛਣ ਹੈ: ਚੰਚਲਤਾ। ਇਸੇ ਲਈ ਇਹ ਅਸਥਿਰ ਹੈ, ਤ੍ਰਿਸ਼ਨਾ ਵਿਚ ਭਟਕਦਾ ਕਿਸੇ ਦੇ ਵੱਸ (ਹੱਥ) ਨਹੀਂ ਆਉਂਦਾ:

-ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥
-ਮਾਈ ਮਨੁ ਮੇਰੋ ਬਸਿ ਨਾਹਿ॥
ਨਿਸ ਬਾਸੁਰ ਬਿਖਿਅਨ ਕਉ
ਧਾਵਤ ਕਿਹਿ ਬਿਧਿ ਰੋਕਉ ਤਾਹਿ॥

ਮਨ ਦਾ ਦੂਜਾ ਔਗੁਣ ਇਸ ਦਾ ਲੋਭੀ ਹੋਣਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨ ਨੂੰ ਮੂਰਖ ਦੱਸਦੇ ਹੋਏ ਉਪਦੇਸ਼ ਦਿੰਦੇ ਹਨ ਕਿ ਲੋਭ ਵਿਚ ਗ੍ਰਸਿਤ ਮਨੁੱਖ ਤਾਂ ਕੱਖੋਂ ਹੌਲਾ ਹੋ ਕੇ ਰਹਿ ਜਾਂਦਾ ਹੈ:

ਮਨ ਰੇ ਕਹਾ ਭਇਓ ਤੈ ਬਉਰਾ॥
ਅਹਿਨਿਸਿ ਅਉਧ ਘਟੈ ਨਹੀ
ਜਾਨੈ ਭਇਓ ਲੋਭ ਸੰਗਿ ਹਉਰਾ॥

ਇਸੇ ਤਰ੍ਹਾਂ ਇਕ ਹੋਰ ਥਾਂ ਗੁਰੂ ਸਾਹਿਬ ਫ਼ਰਮਾਉਂਦੇ ਹਨ:

ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥

ਮਨੁੱਖੀ ਮਨ ਬੜਾ ਹਠੀ, ਢੀਠ ਅਤੇ ਅੜੀਅਲ ਹੈ। ਕਿਸੇ ਵੀ ਸਿੱਖਿਆ ਜਾਂ ਉਪਦੇਸ਼ ਦਾ ਅਸਰ ਇਸ ਉੱਪਰ ਨਹੀਂ ਹੁੰਦਾ। ਮਨ ਦੇ ਹੱਠ ਦੀ ਤੁਲਨਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੁੱਤੇ ਦੀ ਪੂਛ ਨਾਲ ਕਰਦੇ ਹਨ। ਜਿਵੇਂ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ ਤਿਵੇਂ ਹੀ ਮਨ ਵੀ ਸਿੱਧਾ ਨਹੀਂ ਹੁੰਦਾ:

ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥

ਸ੍ਰੀ ਗੁਰੂ ਤੇਗ ਬਹਾਦਰ ਜੀ ਤਾਂ ਇੱਥੋਂ ਤਕ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਦੇਹਾਂ ਜਾਂ ਮਨਾਂ ਵਿਚ ਪ੍ਰਭੂ-ਭਗਤੀ ਦਾ ਵਾਸਾ ਨਹੀਂ ਉਨ੍ਹਾਂ ਦੇ ਸਰੀਰ ਸੂਰ ਅਤੇ ਕੁੱਤਿਆਂ ਦੇ ਸਮਾਨ ਹਨ:

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥

ਮਨ ਦੀ ਮਲੀਨਤਾ ਦਰਸਾਉਣ ਲਈ ਹਾਥੀ ਦਾ ਰੂਪਕ ਗੁਰਬਾਣੀ ਵਿ ਵਿਆਪਕ ਪੱਧਰ ਉੱਪਰ ਵਰਤਿਆ ਗਿਆ ਹੈ। ਹਾਥੀ ਲਈ ਮੈਗਲ, ਕੁੰਚਰ, ਗਜ ਫੀਲ, ਗਜਿੰਦ, ਹਸਤੀ ਅਤੇ ਗੈਵਰ ਆਦਿ ਸਮਾਨ-ਅਰਥੀ ਸ਼ਬਦ ਹਨ। ਆਪਣੇ ਬੇਸਮਝੀ ਜਾਂ ਜੀਵ ਵਿਗਿਆਨਕ ਕਾਰਨਾਂ ਕਰਕੇ ਹਾਥੀ ਮਲੀਨਤਾ ਦਾ ਨੇਮੀ ਹੈ ਜਿਸ ਨੂੰ ਜਿੰਨਾ ਮਰਜ਼ੀ ਨੁਹਾ-ਧੁਆ ਕੇ ਅਤੇ ਖੁਸ਼ਬੂਆਂ ਲੱਗਾ ਕੇ ਸੰਵਾਰਿਆ ਜਾਵੇ ਪਰ ਜਿੱਥੇ ਚਿੱਕੜ ਵੇਖੇਗਾ ਉਹ ਉੱਥੇ ਹੀ ਢੇਰੀ ਹੋ ਜਾਵੇਗਾ ਜਾਂ ਚਿੱਕੜ ਦੀ ਸੁੰਡ ਭਰ ਕੇ ਆਪਣੇ ਉੱਤੇ ਉਲੱਦ ਲਵੇਗਾ। ਇਸੇ ਲਈ ਮਨਮੁਖਾਂ ਜਾਂ ਸਾਕਤਾਂ ਦੀ ਵਿਆਖਿਆ ਲਈ ਜਿਉ ਕੁੰਚਰ ਇਸਨਾਨੁ ਵਾਕੰਸ਼ ਅਨੇਕ ਥਾਵਾਂ ਉੱਪਰ ਨਜ਼ਰੀਂ ਪੈਂਦੇ ਹਨ। ਇਹ ਅਵਸਥਾ ਮਨੁੱਖਾ ਮਨ ਦੀ ਹੈ। ਮਨੁੱਖ ਭਾਵੇਂ ਕਿੰਨੇ ਵੀ ਵਰਤ ਰੱਖੇ, ਤੀਰਥ ਯਾਤਰਾ ਕਰੇ, ਦਾਨ ਦੇਵੇ, ਪਰੰਤੂ ਜੇਕਰ ਉਸ ਦੇ ਮਨ ਵਿਚ ਹੰਕਾਰ ਹੈ ਤਾਂ ਇਹ ਸਾਰੇ ਕਰਮ ਕਾਂਡ ਵਿਅਰਥ ਹਨ; ਉਸੇ ਤਰ੍ਹਾਂ ਜਿਸ ਤਰ੍ਹਾਂ ਹਾਥੀ ਦਾ ਕੀਤਾ ਹੋਇਆ ਇਸ਼ਨਾਨ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

ਮਨ ਨੂੰ ਮੂਰਖ ਦੀ ਸੰਗਿਆ ਵੀ ਦਿੱਤੀ ਗਈ ਹੈ ਅਤੇ ਜੇ ਰੂਪਕਾਂ ਦੀ ਭਾਸ਼ਾ ਵਿਚ ਗੱਲ ਕਰਨੀ ਹੋਵੇ ਤਾਂ ਇਸ ਲਈ 'ਗਰਧਪ', 'ਗਦਹੁ', 'ਖਰ' ਅਤੇ 'ਖੋਤਾ ਆਦਿ ਵਰਤੇ ਗਏ ਹਨ:

ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੋਟੇ ਤੌਰ 'ਤੇ ਦੋ ਰੂਪ ਅੰਧਕਾਰਮਈ ਮਨ ਪ੍ਰਕਾਸ਼ਮਈ ਮਨ ਬਿਆਨ ਕੀਤੇ ਗਏ ਹਨ। ਅੰਧਕਾਰਮਈ ਮਨ ਵਿਚ ਔਗੁਣ ਹੀ ਔਗੁਣ ਹਨ। ਇਸ ਦੀ ਹੋਰ ਵਿਆਖਿਆ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜੋਕੇ ਅੰਧਕਾਰਮਈ ਮਨ ਕਰਕੇ, ਜੋ ਦੁਨਿਆਵੀ ਲਾਲਸਾਵਾਂ ਵਿਚ ਖੱਚਿਤ ਹੈ ਪਰਮਾਤਮਾ ਦਾ ਲਖਨ ਕਿਵੇਂ ਲਖਿਆ ਜਾ ਸਕਦਾ ਹੈ:

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ॥
ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥

ਸੋਰਠਿ ਰਾਗ ਵਿਚਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਰੇ ਬਾਰ੍ਹਾਂ ਦੇ ਬਾਰ੍ਹਾਂ ਸ਼ਬਦ ਕੇਵਲ ਮਨ ਨੂੰ ਹੀ ਸਮਝਾਉਣੀਆਂ ਮਾਤਰ ਹੀ ਹਨ ਕਿ ਕਿਵੇਂ ਉਸ ਨੇ ਪ੍ਰਭੂ ਦੀ ਸਿਮਰਨ ਕਰ ਕੇ ਅਤੇ ਦੁਨਿਆਵੀ ਲਾਲਸਾਵਾਂ ਤੋਂ ਉੱਪਰ ਉੱਠ ਕੇ ਉੱਚ ਆਤਮਿਕ ਅਵਸਥਾ ਪ੍ਰਾਪਤ ਕਰਨੀ ਹੈ। ਸਿਮਰਨ ਕਿਸ ਤਰ੍ਹਾਂ ਕੀਤਾ ਜਾਵੇ, ਜੋ ਇਲਾਹੀ ਦਰਗਾਹ ਵਿਚ ਵੀ ਪ੍ਰਵਾਨ ਹੋ ਸਕੇ? ਇਸ ਨੂੰ ਦ੍ਰਿੜ ਕਰਨ ਲਈ ਗੁਰੂ ਸਾਹਿਬ ਆਪਣੇ ਇਕ ਹੀ ਸ਼ਬਦ ਵਿਚ ਗਨਿਕਾ, ਧ੍ਰੂਅ ਅਤੇ ਅਜਾਮਲ ਦੇ ਪੌਰਾਣਿਕ ਦ੍ਰਿਸ਼ਟਾਂਤ ਦੇ ਦੇ ਸਪਸ਼ਟ ਕੀਤਾ ਹੈ:

**ਬਾਕੀ ਸਫ਼ਾ ਨੰ 23 'ਤੇ**

# ਸਿਖ ਧਰਮ ਅਤੇ ਜੀਵ ਹਿੰਸਾ



**ਇੰਦਰ ਸਿੰਘ ਚਕ੍ਰਵਰਤੀ**

ਏਹ ਗਲ ਮੰਨੀ ਪ੍ਰਮੰਨੀ ਹੋਈ ਏ ਕਿ "ਦਯਾ ਹੀ ਧਰਮ ਦਾ ਮੂਲ ਹੈ" "ਦਯਾ ਬਿਨ ਸਿਧ ਕਸਾਈ" ਆਮ ਲੋਕੀਂ ਵੀ ਆਂਹਦੇ ਨੇ। ਗੁਰੂ ਜੀ ਨੇ ਵੀ ਧਰਮ ਰੂਪ ਧਵਲ ਨੂੰ ਦਯਾ ਦਾ ਪੁਤ ਹੀ ਦੱਸਿਆ ਏ। "ਧੌਲੁ ਧਰਮੁ ਦਇਆ ਕਾ ਪੂਤੁ" ਇਸੇ ਲਈ ਆਪ ਹਿੰਸਾ ਤੋਂ ਬੱਚਣ ਲਈ ਪੁਕਾਰ ਪੁਕਾਰ ਕੇ ਕਹਿ ਰਹੇ ਹਨ। "ਏਕਾਦਸੀ ਇਕ ਰਿਦੈ ਵਸਾਵੈ। ਹਿੰਸਾ ਮਮਤਾ ਮੋਹੁ ਚੁਕਾਵੈ॥

ਬਿਲਾਵਲ ਅਸਟਪਦੀ ਮਹਲਾ ੧

"ਏਕਦਸੀ ਨਿਕਟ ਪੇਖਹੁ ਹਰਿ ਨਾਮੁ। ਇੰਦ੍ਰੀ ਵਸ ਕਰ ਸੁਣਹੁ ਹਰਿ ਨਾਮੁ। ਮਨ ਸੰਤੋਖ ਸਰਬ ਜੀਅ ਦਇਆ। ਇਨ ਬਿਧ ਵਰਤ ਸਪੂਰਨ ਭਇਆ। "

ਗਉੜੀ ਥਿਤੀ ਮਹਲਾ ੧

ਇਸ ਲਈ ਹੇ ਗੁਰੂ ਸਿੱਖ ! ਸਭ ਜੀਆਂ ਉਤੇ ਦਯਾ ਕਰ। ਹਿੰਸਾ, ਮਮਤਾ, ਮੋਹ ਆਦਿ ਨੂੰ ਦਿਲ ਥੀਂ ਦੂਰ ਕਰ। ਵੇਖ ਗੁਰੂ ਸਾਹਿਬ ਕੀ ਆਖ ਰਹੇ ਹਨ:-

"ਹਿੰਸਾ ਤਉ ਮਨ ਤੇ ਨਹੀਂ ਛੂਟੀ ਜੀਅ ਦਯਾ ਨਹੀਂ ਪਾਲੀ। "

ਲੋਭ, ਲਾਚਚ ਅਤੇ ਤ੍ਰਿਸਨਾ ਦੀ ਅਗਨੀਂ ਵਿਚ ਦਗਧ ਹੋਏ ਹੋਏ ਜੀਵ ਤੂੰ ਹਿੰਸਾ ਆਦ ਕੁਕਰਮ ਛੱਡ ਅਤੇ ਗਰੀਬ ਜੀਆਂ ਉੱਤੇ ਦਯਾ ਕਰਨ ਦਾ ਵਲ ਸਿੱਖ। ਨਹੀਂ ਤੇ ਯਾਦ ਰਖ ਇਸ ਦਾ ਫਲ ਤੇਰੇ ਲਈ ਇਹ ਹੋਵੇਗਾ- "ਜਿਹ ਪ੍ਰਲੋਕ ਜਾਇ ਅਪ ਕੀਰਤਿ ਸੋਈ ਅਬਿਦਿਆ ਸਾਧੀ। " ਅਜਿਹੇ ਦੁਕ੍ਰਿਤ ਕਰਨ ਕਰਕੇ ਪ੍ਰਲੋਕ ਵਿਖੇ ਤੇਰੀ ਅਪ ਕੀਰਤੀ ਹੋਵੇਗੀ।

ਉਪ੍ਰੋਕਤ ਵਾਕਾਂ ਤੋਂ ਭਲੀ ਭਾਂਤ ਸਿਧ ਹੈ ਕਿ ਗੁਰੂ ਜੀ ਹਿੰਸਾ ਦੇ ਕੇਹੇ ਤਿਆਗੀ ਅਤੇ 'ਅਹਿੰਸਾ' ਦੇ ਕੇਡੇ ਪ੍ਰਚਾਰਕ ਸਨ।

ਫਿਰ ਵੀ ਜੇ ਕੋਈ ਨ ਮੰਨੇ ਤਾਂ ਕਿਸੇ ਦਾ ਕੀ ਕਸੂਰ ਹੈ। ਲਾਲਚ ਬੁਰੀ ਬਲਾ ਹੈ। ਜੀਭ ਦੇ ਸੁਆਦ ਲਈ ਕਈ ਤਰ੍ਹਾਂ ਦੇ ਪਾਪ ਕੁਕਰਮ ਕਰਨੋਂ ਨਹੀਂ ਹਟਿਆ ਜਾਂਦਾ। ਸਗੋਂ ਆਪਣੇ ਪਖ ਦੇ ਸਮਰਥਨ ਲਈ ਕਈ ਤਰ੍ਹਾਂ ਦੇ ਵਿਗਾੜ ਤਿਗਾੜ ਕੇ ਪ੍ਰਮਾਨ ਪੇਸ਼ ਕਰਨ ਦਾ ਯਤਨ ਮਾਸਾਹਾਰੀਆਂ ਵਲੋਂ ਕੀਤਾ ਜਾਂਦਾ ਏ। ਇਸ ਲਈ ਪਾਠਕਾਂ ਦੀ ਗਯਾਤ ਹਿਤ ਲਈ ਹੁਣ ਅਸੀਂ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਪ੍ਰਮਾਣ ਦੇ ਕੇ ਅਹਿੰਸਾ ਦੀ ਸਦਾਕਤ ਕਾਇਮ ਕਰਦੇ ਹਾਂ-

ਸ੍ਰੀ ਯੁਤ ਪ੍ਰਮ-ਪੂਜਯ ਭਾਈ ਗੁਰਦਾਸ ਜੀ ਵਾਰਾਂ ਅੰਦਰ ਇਕ ਬੱਕਰੀ ਸ੍ਰੀ ਦਾ ਵਿਰਤਾਂਤ ਇੱਵ ਵਰਨਨ ਕਰਦੇ ਹਨ:-

ਨੀਂਹ ਪਜੂਤੀ ਬੱਕਰੀ ਮਰਦੀ ਹੋਈ ਖਿੜ ਖਿੜ ਹੱਸੀ। ਸੀਂਹ ਪੁਛੇ ਵਿਸਮਾਦ ਹੋਇ ਇਤ ਔਸਰ ਕਿਤ ਰਹਸ ਰਹੱਸੀ।ਬਿਨਉਂ ਕਰੇਂਦੀ ਬੱਕਰੀ ਪੁਤ੍ਰ ਅਸਾਡੇ ਕੀਚਕ ਖੱਸੀ। ਅੱਕ ਧਤੂਰਾ ਖਾਧਿਆਂ ਕੋਹ ਕੋਹ ਖੁਲ ਅਖੱਲ ਵਿਣਸੀ। ਮਾਸ ਖਾਣ ਗਲ ਵੱਢ ਕੇ ਤਿਨਾੜਾ ਕਵਨ ਹਵਸੀ। ਗਰਬ ਗਰੀਬੀ ਦੇਹ ਖੇਹ ਖਾਜ ਅਖਾਜ ਅਕਾਜ ਕਰਸੀ। ਜਗ ਆਇ ਸਭੁ ਕੋਇ ਮਰੱਸੀ।

ਸ਼ੇਰ ਦੇ ਕਾਬੂ ਆਈ ਹੋਈ ਬੱਕਰੀ ਖਿੜ ਖਿੜਾ ਕੇ ਹਸ ਉਠੀ, ਸ਼ੇਰ ਹੈਰਾਨੀ ਵਿਚ ਆ ਕੇ ਪੁੱਛਦਾ ਏ ਕਿ ਇਸ ਸਮੇਂ ਜਦ ਕਿ ਤੇਰਾ ਅੰਤ ਸਮਾਂ ਅਸਲੋਂ ਨੇੜੇ ਹੈ, ਹੱਸਨ ਦਾ ਕੀ ਰਹਣ ਹੈ। ਬਕਰੀ ਨੇ ਅਰਜ਼ ਕੀਤੀ, ਕਿ ਹਜ਼ੂਰ ਲੋਕੀਂ ਮੇਰੇ ਪੁਤ੍ਰਾਂ ਨਾਲ ਡਾਢਾ ਭੈੜਾ ਸਲੂਕ ਕਰਦੇ ਹਨ। ਮੇਰੇ ਪੁਤ੍ਰਾਂ ਨੂੰ ਖੱਸੀ ਕੀਤਾ ਜਾਂਦਾ ਏ। ਮੈਂ ਇਸ ਗਲੋਂ ਹੈਰਾਨ ਹਾਂ ਕਿ ਅੱਕ ਤੇ ਧਤੂਰਾ (ਨਿਖਿਧ ਖਾਜਾ ਹੈ) ਕਰਕੇ ਸਾਡੀ ਅਤੇ ਸਾਡੀ ਸੰਤਾਨ ਦੀ ਅਜੇਹੀ ਦੁਰਗਤੀ ਹੁੰਦੀ ਏ, ਲੋਕੀਂ ਸਾਨੂੰ ਕੋਂਹਦੇ ਹਨ ਤੇ ਖਲ ਲਾਂਹਦੇ ਹਨ। ਏਹ ਡੰਨ ਸਾਨੂੰ ਅੱਕ ਧਤੂਰਾ ਖਾਣ

ਕਰਕੇ ਮਿਲਦਾ ਏ। ਪਰ ਜੇਹੜੇ ਮਾਸ ਖਾਣ ਗਲ ਵਢ ਕੇ ਹਾਲ ਤਿਨਾੜਾ ਕਵਨ ਹਵੱਸੀ। ਜਿਹੜੇ ਦੂਜਿਆਂ ਦਾ ਮਾਸ ਖਾਂਦੇ ਹਨ ਗਲ ਵੱਢ ਕੇ ਓਹਨਾਂ ਦਾ ਕੀ ਹਾਲ ਹੋਵੇਗਾ। ਮੈਂ ਇਸ ਲਈ ਹੱਸੀ ਹਾਂ। ਅਗੇ ਜਾ ਕੇ ਭਾਈ ਸਾਹਿਬ ਜੀ ਇਸੇ ਪ੍ਰਸੰਗ ਨੂੰ ਇੰਵ ਦਸਦੇ ਹੋਏ ਮਾਸ ਖਾਣ ਵਾਲੇ ਸੱਜਨਾ ਨੂੰ ਸੁਚੇਤ ਕਰ ਰਹੇ ਹਨ:-

ਕੋਹ ਕੁਸਾਈ ਬੱਕਰੀ ਲਾਇ ਲੂਣ ਸੀਖੀ ਮਾਸ ਪਰੋਯਾ॥
ਹਸ ਹਸ ਬੋਲੇ ਕੋੜੀਂਦੀ ਖਾਧੇ ਅੱਕ ਇਹ ਹਾਲ ਹੋਯਾ॥
ਜੋ ਮਾਸ ਖਾਣ ਗਲ ਵੱਢ ਕੇ ਹਾਲ ਤਿਨਾੜਾ ਕਵਨ ਅਲੋਯਾ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੇ ਥਾਂ ਥਾਂ ਜੀਵ ਉੱਤੇ ਦਯਾ ਕਰਨ ਦੀ ਤੀ ਪ੍ਰੇਰਨਾਂ ਕੀਤੀ ਪਈ ਨਜ਼ਰ ਔਂਦੀ ਏ ਤੇ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ। ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ।

ਅਠਾਹਠਾ ਤੀਰਥਾਂ ਦੇ ਪੁੰਨਾਂ ਦਾ ਫਲ ਕੇਵਲ ਜੀਅ ਉੱਤੇ ਦਯਾ ਕਰਨ ਨਾਲ ਪ੍ਰਾਪਤ ਹੋ ਜਾਂਦਾ ਏ। ਜਿਸ ਨੂੰ ਸਤਿਗੁਰੂ ਦਯਾ ਕਰਕੇ ਏਹ ਮਤ ਬਖਸ਼ੇ ਓਹੀ ਪੁਰਖ (ਆਦਮੀ) ਸਿਆਣਾ ਕਹਾ ਸਕਦਾ ਏ।

ਦਇਆ ਜਾਣੈ ਜੀਅ ਕੀ ਕਿਛੁ ਪੁੰਨਿ ਦਾਨ ਕਰੇਇ।

ਵਾਰ ਆਸਾ ਮਹਲਾ ੧

ਦੂਖ ਨਾ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।

ਗਉੜੀ ਵਾਰ ਮਹਲਾ ੪

ਦਇਆਲੰ ਸਰਬਤ੍ਰ ਜੀਆ

ਸਲੋਕ ਸਹਸ ਕ੍ਰਿਤੀ ਮ: ੫

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ।

ਪ੍ਰਭਾਤੀ ਸ੍ਰੀ ਕਬੀਰ ਜੀਉ

ਕੀ ਏਹ ਹੁਕਮ ਸਿੱਖਾਂ ਵਾਸਤੇ ਨਹੀਂ ? "ਕਬੀਰ ਜੋਰੀ ਕੀਏ ਜੁਲਮ ਹੈ ਕਹਿਤਾ ਨਾਉ ਹਲਾਲੁ। ਦਫਤਰਿ ਲੇਖਾ ਮਾਂਗੀਐ ਹੋਇਗੋ ਕਉਨੁ ਹਵਾਲੁ।

ਸਲੋਕ ਕਬੀਰ ਜੀ

ਕੀ ਜਿਨਾਂ ਬੱਕਰਿਆਂ ਨੂੰ ਸਿੱਖ ਮਾਰਦੇ ਹਨ, ਓਹ ਖੁਸ਼ੀ ਨਾਲ ਮਰਨਾ ਪ੍ਰਵਾਨ ਕਰ ਲੈਂਦੇ ਹਨ ? ਕਿ ਸਾਡੀ ਮੁਕਤ ਹੋਣ ਲਗੀ ਏ ਜਾਂ ਸਿੱਖ ਓਨ੍ਹਾਂ ਨੂੰ ਪਾਸੋਂ ਪ੍ਰਵਾਨਗੀ ਲੈ ਕੇ ਓਨ੍ਹਾਂ ਨੂੰ ਮਾਰਦੇ ਹਨ। ਏਹ ਓਨਾਂ ਬੇਜ਼ਬਾਨ ਪਸ਼ੂਆਂ ਨਾਲ ਜ਼ੋਰ ਜ਼ੁਲਮ ਅਤੇ ਧੱਕੇ ਸ਼ਾਹੀ ਨਹੀਂ ਤਾਂ ਦਸੋ ਹੋਰ ਏਹ ਹੈ ਕੀ ? "ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਿਤੇ ਹਹਿ ਜੁ ਹਲਾਲੁ। ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਵਨ ਹਵਾਲੁ। ਕਬੀਰ ਜੋਰ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ। ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ। ਕਬੀਰ ਜੀ ਮਹਾਰਾਜ ਮਾਸ ਖਾਣ ਵਾਲਿਆਂ ਨੂੰ ਕਹਿ ਰਹੇ ਹਨ ਸੱਜਨੋ ਜੇ ਦਰਗਾਹ ਦੀ ਮਾਰ ਤੋਂ ਬੱਚਣਾ ਜੇ ਤਾਂ ਮਾਸ ਖਾਣ ਦਾ ਤਿਆਗ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਮੰਨ ਕੇ ਸੱਚੀ ਸਿੱਖੀ ਦੇ ਭਾਗੀ ਬਣੋ ਨਹੀਂ ਤੇ ਚੋਰਾਂ ਦੀ ਮਾਰ ਵੱਲ ਤੱਕ ਲੈਣਾ ਓਹੀਓ ਹਾਲ ਹੋਵੇਗਾ। "ਅਸੰਖ ਗਲਵਢ ਹਤਿਆ ਕਮਾਹਿ। ਅਸੰਖ ਪਾਪੀ ਪਾਪੁ ਕਰਿ ਜਾਹਿ।

ਏਨ੍ਹਾਂ ਗੁਰਵਾਕਾਂ ਤੋਂ ਭਲੀ ਪ੍ਰਕਾਰ ਵਿਦਯਤ ਹੈ ਕਿ ਸ੍ਰੀ ਗੁਰੂ ਜੀ ਮਾਸ ਖਾਣ ਵਾਲੇ ਸਜਨਾਂ ਨੂੰ ਕੇਹੀ ਕੜੀ ਤਾੜਨਾ ਕਰਦੇ ਹੋਏ ਓਨਾਂ ਦੇ ਪੱਖ ਦੀ ਹਾਂਮੀ ਨਹੀਂ ਭਰਦੇ ਹਨ? ਕੀ ਅਜੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿਣ ਵਾਲੇ ਸਜਨ ਏਨਾਂ ਹੁਕਮਾਂ ਦੀ ਪਾਲਣਾ ਨਹੀਂ ਕਰਨਗੇ ?

ਹੁਣ ਅਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤ੍ਰ ਵਾਕ ਦਰਜ ਕਰਕੇ ਮਾਸ ਭੱਖੀ ਸਜਣਾਂ ਨੂੰ ਸੁਚੇਤ ਕਰਦੇ ਹਾਂ।

ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਖਾਲਸਾ ਪੰਥ ਸਾਜਨਾਂ ਦਾ ਕਾਰਨ ਗੁਰੂ ਦਸਦੇ ਹੋਏ ਆਪਣੇ ਪਵਿਤ੍ਰ ਮੁੱਖਵਾਕ ਥੀਂ ਫੁਰਮਾਂਦੇ ਹਨ ਕਿ ਸਾਥੋਂ ਪਹਿਲਾਂ ਬਹੁਤ ਮਤ ਮਤਾਂਤ ਹੋਏ ਪਰ ਅਕਾਲ ਪੁਰਖ ਦੀ ਉਪਾਸਨਾਂ ਤੋਂ ਵੇਮੁਖ ਹੀ ਰਹੇ ਆਪ ਮੁਸਲਮਾਨੀ ਮੱਤ ਸੰਬਧੀ ਲਿਖਦੇ ਹਨ:-

ਸ੍ਵੈਯਾ- ਉਧੀਂ ਮਤ ਭੂੰਡੀ ਤਿਨ ਕਿਰਿਆ
ਸੁਰ ਸਾਸਤ੍ਰ ਤੇ ਅਪਰ ਦ੍ਰਿੜਾਵਤ।
ਮਨੋ ਕਠੋਰ ਤ੍ਰੀਕਤ ਤੁਰਕਾ
ਹਜ ਕਾਬੇ ਮੋਹਰ ਠਹਿਰਾਵਤ।
ਰੋਜਾ ਬਾਂਗ ਨਿਵਾਜ ਮੁਸੱਲਾ
ਕਪਟ ਦੰਭ ਅੰਤ੍ਰ ਅਸਮਾਵਤ।
ਆਤਮ-ਘਾਤ ਕਰਹਿ ਨਿਤ ਉਠਤੇ
ਮੁਰਗੀ ਭੇਟ ਬਿਸਮਲ ਕਰ ਘਾਵਤ।
ਈਦ ਬਕ੍ਰੀਦ ਉਸਟ ਅਸ੍ਵ ਘਾਵਤ
ਤਾਕਹੁ ਕਹਿਤ ਸਵਾਬ ਹਮ ਕੀਆ।
ਐਸੀ ਸਮਝ ਵਿਪ੍ਰੀਤ ਮਤਿ ਹੋਛੀ
ਮਸਜਦ ਦੁਆਰ ਘਾਤ ਕਰ ਜੀਆ।
ਤਿਨ ਤੇ ਕਹਾਂ ਪ੍ਰਮਾਤਮ ਰਾਜੀ
ਆਤਮ ਘਾਤੀ ਦ੍ਰੁਹ ਜਿਨ ਕੀਆ।
ਤੇ ਭੀ ਪ੍ਰਭ ਤੇ ਘੁਥੇ ਮੂੜ੍ਹੇ
ਕਰ ਕਰ ਹੂੜ ਖੁਆਰ ਭਏ ਮੀਆਂ।

ਦੇਖੋ ਸ੍ਰੀ ਸ੍ਰਬ ਲੋਹ ਗ੍ਰੰਥ, ਪ੍ਰਕਰਨ ਖਾਲਸਾ ਪ੍ਰਕਾਸ਼ ਪੰਨਾਂ-੨੫੦

ਅਗੇ ਚਲ ਕੇ ਖਾਲਸੇ ਦੀ ਤਾਰੀਫ ਕਰਦੇ ਹੋਏ ਸਾਹਿਬ ਫ਼ਰਮਾਂਦੇ ਹਨ ਕਿ "ਖਾਲਸਾ ਪਦ ਪ੍ਰਾਪਤ ਅਸਲ ਉਹ ਖਾਲਸਾ ਹੈ ਜੋ ਏਨਾਂ ਦਾ ਤਿਆਗ ਕਰੇ ਅਤੇ ਏਹ ਗ੍ਰਹਿਣ ਕਰੇ:-

**ਰਾਗ ਪਲਾਸੀ ਪੁੰਨੀਆਂ:**

ਐਸੋ ਖਾਲਸਾ ਖਾਲਸ ਪਦ ਪ੍ਰਾਪਤਿ
ਨਿਰੰਕਾਰੀ ਸਿਵ ਰੂਪ ਮਹਾਨੰ।
ਸਤਿਗੁਰੁ ਕੇ ਉਪਦੇਸ਼ ਸਿਖਨ ਪ੍ਰਤਿ ਭਾਸਨ
ਮੁਦਾ ਤੇ ਕਛ, ਸਿਰ ਕੇਸ ਕ੍ਰਿਪਾਨੰ ।
ਤਾਕੀ ਰਹਿਨ ਸਤ ਉਕਤ ਭਾਖਤ
ਦਸ ਗ੍ਰਾਹੀ ਖਾਲਸਾ ਪ੍ਰਧਾਨੰ।
ਦਯਾ ਦਾਨ ਛਿਮਾ ਸੀਲ ਸੁਚ ਸੰਤ ਸੰਭਾਸਨ।
ਸਾਧਨ ਸਿਧ ਸੂਰ ਭਗਤ ਮਾਨੰਦ
ਦਸ ਗ੍ਰਾਹੀ ਆਸਕਤ ਪ੍ਰਮਾਨੰ।

**ਰਾਗ ਪੂਨੀਆਂ:-**

ਤਿਆਗੀ ਦਸ ਬਿਰੋਧ ਮਤ ਸਾਧਨ ਹਿੰਸਾ
ਹੰਕਾਰ, ਆਲਸ, ਕ੍ਰਿਪਨਤਾ, ਅਪ੍ਰੇਮਾਨੰ।
ਕਠੋਰਤਾ, ਜੜ੍ਹਤਾ, ਕੁਚੀਲਤਾ, ਅਸ
ਉਚ ਕੁਲ ਮਾਸ ਅਭਗਤ ਮਾਨੰ।
ਦਸ ਗ੍ਰਾਹੀ ਦਸ ਤਿਆਗੀ ਐਸੋ
ਤਾਹ ਖਾਲਸਾ ਕਥਤ ਸੁਜਾਨੰ।
ਐਸੋ ਖਾਲਸਾ ਖਾਲਸ ਪਦ ਪ੍ਰਾਪਤਿ
ਨਿਰੰਕਾਰੀ ਸਿਵ ਰੂਪ ਮਹਾਨੰ।
(ਸ੍ਰੀ ਸ੍ਰਬ ਲੋਹ, ਖਾਲਸਾ ਪ੍ਰਕਾਸ਼ ਪੰਨਾ-੨੫੫)

ਅਜੇ ਵੀ ਜੇ ਏਨਾਂ ਦਸਾਂ ਦਾ ਗ੍ਰਹਿਨ ਅਤੇ ਦਸਾਂ ਦਾ ਤਿਆਗ ਕਰੇ ਬਿਨਾਂ ਆਪਣੇ ਆਪ ਧਕੇ ਸ਼ਾਹੀ ਨਾਲ ਹੀ ਅਜ ਕਲ ਦਾ ਅਖਾਲਸਾ ਖਾਲਸਾ ਬਣੀ ਫਿਰੇ ਅਤੇ ਗੁਰੂ ਜੀ ਦੇ ਹੁਕਮ ਦੀ ਰੰਚਕ ਵੀ ਪ੍ਰਵਾਹ ਨਾ ਕਰੇ ਤਾਂ ਗੁਰਬਾਣੀ ਦਾ ਅਤੇ ਗੁਰੂ ਜੀ ਦਾ ਕੀ ਕਸੂਰ ? ਜਦਕਿ ਗੁਰੂ ਜੀ ਬਾਰੰਬਾਰ ਪੁਕਾਰ ਰਹੇ ਹਨ।

ਬਿਸ਼ਨ ਪਦ ਕਲਿਆਣ ਛੰਦ ੩੩੪

"ਉਠ ਪ੍ਰਭਾਤ ਕਰਹੁ ਇਸਨਾਨਾ।
ਪਦ ਪੰਜਕ ਮਹਿ ਲੀਨਾ।
ਜਥਾ ਸਕਤ ਦਾਨ ਭੂਖੇ ਕਉ
ਨਿਮਖ ਨਿਮਖ ਰੰਗ ਭੀਨਾ।
ਕ੍ਰੋਧ ਨਿਵਾਰ ਦਯਾ ਮਨ ਲਾਵਹੁ
ਹਿੰਸਾ ਦੁਰਮਤਿ ਤਿਆਗੋ।
ਇਕ ਮਨ ਹੋਇ ਭਜਹੁ ਨਾਰਾਇਣ
ਖਿਮਾ ਧਰਮ ਅਨੁਰਾਗੋ

ਬਿਸ਼ਨ ਪਦ ਮੇਘ ਰਾਗ ਅਸਟਪਦੀਆਂ ਅਥ ਕਥਾ ਪ੍ਰਸੰਗ ਤਬਲ:

ਸਰਿਓ ਸੁਭ ਕਾਜ ਨਾ ਯਾ ਬਪੁ ਤੇ
ਜਹ ਜੱਗ ਨ ਹੋਤ੍ਰ ਦੇਵ ਨ ਪੂਜਾ।
ਅਸਨਾਨ ਦਾਨ ਦਇਆ ਬ੍ਰਤ ਸੰਜਮ
ਸੀਲ ਨ ਨੇਮੁ ਧਰਿਓ ਮਤ ਦੂਜਾ।
ਗੁਨ ਬਾਝ ਹੀ ਗੀਤ ਗੋਬਿੰਦ ਕਥਾ
ਸ੍ਰਤਿ ਵਾਕ ਮਹਾਂ ਬਚ ਸ੍ਰਵਨ ਨ ਕੀਜਾ।
ਸਾਧ ਸਮਾਜ ਨ ਸੰਤ ਸਭਾ
ਕਰਿਓ ਨਹਿ ਗਉਨ ਤਹਾ ਮਨ ਰੀਜਾ।
ਬਾਸਿ ਕਰਿਓ ਬਿਖਯਾਨ ਸੋ ਬੈਠਕੈ
ਐਸੈ ਹੀ ਐਸ ਸੁ ਬੈਸ ਬਤਾਇਓ।
ਹਿੰਸਾ ਕ੍ਰੋਧ ਮਧ ਮਾਸ ਗ੍ਰਾਹਕ
ਰਸ ਕਾਮਨ ਕੋਲ ਕਲੇਲ ਮਚਾਯੋ।
ਥਾਉ ਕੁਥਾਉ ਨ ਸੂਝ ਪਰਿਓ ਕਛੁ
ਬੁਰੋ ਭਲੋ ਨਹਿ ਚਿਤ ਬਸਾਯੋ
ਪ੍ਰਭਤਾ ਤ੍ਰੈਲੋਕ ਕੀ ਪਾਇਓ ਭਯੋ ਅੰਧ
ਆਪ ਹੀ ਕੋ ਜਗਦੀਸ ਕਹਾਯੋ।
(੨੯੬੫ ਛੰਦ ਪੰਨਾ ੨੩੦ ਸ੍ਰੀ ਸ੍ਰਬ ਲੋਹ ਗ੍ਰੰਥ)

ਪਾਠਕ! ਆਪ ਜੀ ਨੇ ਗੁਰੂਆਂ ਨੂੰ ਚੰਗੀ ਤਾਂ ਵਿਚਾਰਨਾਂ ਅਤੇ ਸਤਿਗੁਰੂ ਜੀ ਦੇ ਹੁਕਮਾਂ ਉਤੇ ਠੰਢੇ ਦਿਲ ਨਾਲ ਸ਼ਾਂਤ ਪੂਰਵਕ ਵਿਚਾਰ ਕਰਨੀ। ਫਿਰ ਦੇਖਨਾਂ ਆਪਦੀ ਜ਼ਮੀਰ ਮਾਸ ਖਾਣ ਦੀ ਹਾਮਾਂ ਭਰਦੀ ਏ? ਅਤੇ ਕੀ ਅਜੇ ਵੀ ਮਾਸ ਖਾਂਦੇ ਹੋਏ ਸਿੱਖ ਹੋਣ ਦਾ ਦਾਵਾ ਰਖਦੇ ਹਨ ? ਜਦ ਕਿ ਗੁਰੂ ਜੀ ਸਾਫ ਕਹਿ ਰਹੇ ਹਨ:-

"ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ"
(ਰਾਮਕਲੀ ਪਾਤਸ਼ਾਹੀ ੧੦)

ਇਸ ਤੋਂ ਬਿਨਾਂ ਸਾਹਬ ਜ਼ਫਰ ਨਾਮਹ ਹਕਾਯਤ ਪਹਿਲੀ ਵਿਖੇ ਫ਼ਰਮਾਂਦੇ ਹਨ:-

ਮਜਨ ਤੇਗ਼ ਬਰ ਖੂਨਿ ਕਸਬੇ ਦਰੇਗ਼
ਤੁਰਾ ਨੀਜ਼ ਖੂਨ ਅਸਤ ਬਾ ਚਰਖ਼ ਤੇਗ਼

ਤੂੰ ਕਿਸੇ ਦੀ ਜਾਨ ਲਈ ਬੇਖੌਫ ਤਲਵਾਰ ਨ ਚਲਾ (ਨਹੀਂ ਤੇ ਯਾਦ ਰੱਖ) ਵੀ ਗ਼ੈਬੀ ਤਲਵਾਰ ਨਾਲ ਮਾਰਿਆ

ਜਾਏਂਗਾ। ਏਹ ਲੇਖਾ ਛੁਟੇਗਾ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਂਹਦੇ ਹਨ:-

ਜਿਸ ਨੋ ਕੋਈ ਮਾਰਸੀ ਸੋਭੀ ਮਾਰਨ ਹਾਰ।
ਕਿਆਮਤੀ ਲੇਖਾ ਨਿਬੜੈ ਛੁਟੇਂ ਕਿਵੈਂ ਨ ਯਾਰ।
ਜਨਮ ਸਾਖੀ ਭਾਈ ਬਾਲਾ ਮਕੇ ਦੀ ਸਾਖੀ ਪੰਨਾ ੧੪੬
ਜ਼ਾਲਮ ਕਰਦੇ ਜ਼ੁਲਮੀ ਸਿਰ ਕਰਨ ਗ੍ਰੀਬਾਂ ਜ਼ੋਰ।
ਉਹ ਪਉਸਨ ਦੋਜ਼ਖ ਹਾਵੀਏ ਜਿਉ ਰਹੇ ਸਜਾਈ ਚੋਰ।
ਖਾਵਨ ਮਾਸ਼ ਗ੍ਰੀਬ ਦਾ ਆਖਣ ਥੀਆ ਹਲਾਲ।
ਫਿਰ ਲੈਸਨ ਮਾਸ ਸੰਭਾਲਕੇ ਜਿਉਂ ਦਿਤਾ ਲੈਨ ਸੰਭਾਲ।
ਮਾਰਨ ਮਰਨਾਂ ਦੁਸ਼ਮਨੀ ਕਦੇ ਨ ਛੋਡੇ ਕੋਇ।
ਜੈਸਾ ਕੋਈ ਬੀਜਸੀ ਫਿਰ ਲੂਣਸੀ ਤੈਸਾ ਸੋਇ।
ਦੇਇ ਅਜ਼ਾਬ ਗ੍ਰੀਬਾਂ ਨੋ ਖਾਇ ਤਿਨਾਂ ਦਾ ਮਾਸ।
ਮੁਰਗੀ ਮਾਰੇ ਪੀਰ ਜੀ ਦਗਾ ਕਰੇ ਗ੍ਰੰਬੀ ਘਾਤ।
ਸਭਨਾ ਉਪਰ ਸਦ ਰਹੈ ਦੇਂਦੇ ਹੱਕ ਗਵਾਇ।
ਧ੍ਰਿਗੁ ਅਵੇਹਾ ਖਾਵਣਾਂ ਜਿਤੁ ਖਾਧਿਆਂ ਮਿਲੈ ਸਜਾਇ।
(ਸਾਖੀ ਮੱਕੇ ਦੀ ਪੰਨਾ ੧੯੩)
ਜ਼ਿਦੋ ਜ਼ਿਦੀ ਆਪ ਵਿਚ ਹਿੰਦੂ ਤੁਰਕ ਲੜਾਇ।
ਉਨਾਂ ਮਾਰਿਆ ਸੂਰ ਨੋ ਉਨਾਂ ਮਾਰੀ ਗਾਇ।
ਦੁਹਾਂ ਕੀਤੀ ਹਤਿਆ ਮੁਏ ਨ ਜੀਵੇ ਫੇਰ।
ਦਰਗਹ ਸਚੇ ਰਬ ਦੀ ਦੁਇ ਲਹਿਨ ਸਜਾਈ ਢੇਰ।
(ਮਦੀਨੇ ਦੀ ਸਾਖੀ ਪੰਨਾ-੨੦੮)

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਬੁਲੰਦ ਅਵਾਜ਼ ਨਾਲ ਕਹਿ ਰਹੇ ਹਨ ਏਹ ਲੇਖਾ ਛੁਟੇਗਾ ਨਹੀਂ:

ਸੁਣਹੁ ਪੀਰ ਬਹਾਵ ਦੀਨ ਆਖੇ ਨਾਨਕ ਪੀਰ।
ਬੇ ਗੁਨਾਹ ਜੁ ਜਾਨਵਰਾਂ ਕਰਦੇ ਕਿਉਂ ਤਕਬੀਰ।
ਜ਼ੋਰਾ ਜ਼ੁਲਮ ਹਰਾਮ ਹੈ ਜੋ ਸਿਰ ਗ਼ਰੀਬਾਂ ਹੋਇ।
ਬੇ ਜੁਬਾਨਾਂ ਨੂੰ ਮਾਰ ਕਰ ਖਾਵੈ ਮਾਸ ਜੋ ਕੋਇ।
ਜਿਤੀ ਪੈਦਾਇਸ਼ ਰਬ ਦੀ ਕਾਨ ਹੈਵਾਨ ਨਬਾਤ।
ਸਭਨਾਂ ਅੰਦ੍ਰ ਇਕ ਰਬ ਕੀਚਨ ਨਾਹੀ ਘਾਤ।
ਕਿਤੀ ਸਈਂ ਪਾਕ ਹੈ ਕਿਤੀ ਸ਼ਈਂ ਪਲੀਤ।
ਨਫ਼ਸ ਕਾਰਨ ਮਾਰੀਅਹਿ ਕਹੀ ਖੁਦਾਇ ਹਦੀਸ।
ਕਾਰਨ ਸਵਾਦੇ ਨਫ਼ਸ ਦੇ ਜਾਨਾਂ ਜ਼ਿਬੇ ਕਰਾਇ।
ਜਿਸਨੂੰ ਕੋਈ ਮਾਰਸੀ ਫਿਰ ਉਹ ਭੀ ਕੁਹਸੀ ਆਇ।
ਪਕੀ ਨਬਾਤ ਹਲਾਲ ਹੈ ਉਸਨੂੰ ਕਰਨਾ ਤਾਇ।
ਰੱਬ ਰਜ਼ਾਈ ਜੋ ਮਰੇ ਤਿਸ ਪਰ ਛੁਰੀ ਕਲਾਮ।
ਤਨ ਦਰੁਸਤ ਨ ਮਾਰੀਅਹਿ ਜੋ ਫਿਰਦਾ ਗਲੀਆਂ ਮਾਹਿ।
ਆਈ ਅਜ਼ਲ ਜੋ ਗਿੜੇ ਓਹ ਕਰੇ ਹਲਾਲੀ ਖਾਹਿ।
ਬਾਝਹੁ ਪਾਣੀ ਤਾਮ ਦੇ ਖਾਣਾ ਹੋਰ ਹਰਾਮ।
ਨਫ਼ਸ ਰਜ਼ਾਈ ਬਾਤਲੀ ਕਹਿਆ ਮੂਲ ਨਾ ਮਾਨ।
ਜੋ ਕਰੇ ਰਿਆਜ਼ਤ ਬੰਦਗੀ ਤਿਸਕੋ ਮਾਸੁ ਨ ਪਾਕ।
ਸਭਨਾਂ ਅੰਦਰ ਰਮਿ ਰਹਿਆ ਹਰਦਮ ਸਾਹਿਬ ਆਪ।

**ਪਯਾਰੇ ਹੱਡ ਪ੍ਰਸਾਦੀ ਸਜਨੋ !**

ਆਓ ਸਤਿਗੁਰੂ ਦੀ ਮੱਤ ਸਿੱਖੋ ਅਤੇ ਆਪਣੀ ਆਤਮਾ ਦਾ ਘਾਤ ਨ ਕਰੋ। ਆਤਮ ਘਾਤੀ ਨੂੰ ਤੇ ਸਤਿਗੁਰਾਂ ਵੀ ਜਗਤ ਕਸਾਈ ਦਸਿਆ ਹੈ। ਇਸ ਲਈ ਆਪਣੇ ਆਪ ਤੇ ਤਰਸ ਕਰ ਅਤੇ ਤਰਸ ਕਰ ਓਨ੍ਹਾਂ ਗਰੀਬਾਂ ਤੇ ਜੋ ਤੇਰੇ ਮਾ-ਤੈਹਤ ਹਨ। ਕਿਉਂਕਿ ਤੂੰ ਓਨ੍ਹਾਂ ਦਾ ਸਰਦਾਰ ਹੈਂ ਅਤੇ ਓਹ ਤੇਰੀ ਰਯਾਤ ਹੈ।

ਅਵਰ ਜੋਨ ਤੇਰੀ ਪਨਹਾਰੀ।
ਇਸ ਧਰਤੀ ਮਹਿ ਤੇਰੀ ਸਿਕਦਾਰੀ।

ਰਯਤ ਨੂੰ ਮਾਰਨਾਂ ਜ਼ੁਲਮ ਹੈ ਪਾਪ ਹੈ ਅਤੇ ਆਪਣੇ ਹੱਥੀਂ ਪੈਰ ਕੁਹਾੜਾ ਮਾਰਨਾਂ ਹੈਂ। ਜਿਨ੍ਹਾਂ ਨੂੰ ਤੂੰ ਮਾਰਦਾ ਏਂ ਅਤੇ ਮਾਰਦਾ ਏਂ ਆਪਣੀ ਜੀਭ ਦੇ ਸੁਵਾਦ ਵਸ ਹਲਾਲ ਸਮਝ ਕੇ ਓਨ੍ਹਾਂ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਇੰਜ ਹੁਕਮ ਕਰਦੇ ਹਨ:-

ਗਊ ਭੈਸ ਤੇ ਮੁਰਗੀਆਂ ਜੋ ਹੋਇ ਹਵਾਨ ਗ੍ਰੀਬ।
ਤਿਹ ਪਰ ਛੁਰੀ ਹਰਾਮ ਹੈ ਖਵਣ ਤਿਨ੍ਹਾਂ ਪਲੀਤ।
ਜੋਇ ਬਿਚਾਰੇ ਜਾਨਵਰ ਕਰਨ ਤਿਨਾ ਹਲਾਲ।
ਬਿਨਾ ਰਜਾਇ ਖੁਦਾਇ ਦੀ ਤਿਹ ਪਰ ਛੁਰੀ ਜਵਾਲ।
ਮੂਈ ਸ਼ੈ ਮੁਰਦਾਰ ਹੈ ਸਹਿਕੇ ਜਾਨ ਕਿਵਾਇ।
ਖਾਣੀ ਇਹ ਹਲਾਲ ਹੈ ਤਿਸ ਪਰ ਛੁਰੀ ਰਵਾਇ।
ਖਾਧਿਆਂ ਮਾਸ ਗੁਨਾਹ ਜੋ ਜ਼ੋਰੀ ਕੀਆ ਹਲਾਲ।
ਜ਼ੋਰੀ ਕੁਠਾ ਹਰਾਮ ਹੈ ਤਿਸਤੇ ਹੋਇ ਜਵਾਲ।
(ਮਦੀਨਾ ਦੀ ਸਾਖੀ ਪੰਨਾ ੨੧੮)
ਕਹਿੰਦੇ ਪਕੜ ਪਰਿੰਦਿਆਂ ਔਰ ਦਰਿੰਦੇ ਜੀਆ।
ਮਾਰਨ ਛੁਰੀਆਂ ਲੱਤ ਦੇ ਕਹਿਨ ਹਲਾਲੀ ਥੀਆ।
ਤੁਰਦੇ ਫਿਰਦੇ ਜੀਆਂ ਨੂੰ ਦੇਵਨਿ ਜੋਇ ਅਜਾਰ।
ਖਾਵਨ ਮਾਸ ਹਲਾਲ ਕਹਿ ਹੋਸਨ ਅੰਤ ਖੁਆਰ।
(ਮਦੀਨੇ ਦੀ ਸਾਖੀ ਪੰਨਾ ੨੦੪)

ਕੀ ਅਜੇ ਵੀ ਆਪ ਜੀ ਦੇ ਦਿਲ ਵਿਚ ਜੀਅ ਮਾਰਨ ਦਾ ਖਯਾਲ ਬਾਕੀ ਏ? ਕੀ ਅਜੇ ਵੀ ਆਪ ਨੂੰ ਆਪਣੇ ਕੀਤੇ ਹੋਏ ਹਿੰਸਾ ਆਦਿ ਕੁਕਰਮਾਂ ਤੇ ਪਸ਼ਚਾਤਾਪ ਨਹੀਂ ਹੋਯਾ? ਕੀ ਏਹ ਵਾਕ ਆਪ ਜੇਹਿਆਂ ਲਈ ਨਹੀਂ ਆਖੇ? ਸ੍ਰੀ ਕਬੀਰ ਜੀ ਕਿਤੇ ਆਪ ਨੂੰ ਈ ਤੇ ਨਹੀਂ ਸੰਬੋਧਨ ਕਰਦੇ ਹੋਏ ਕਹਿ ਰਹੇ ?

ਜੀਅ ਬਧਹੁ ਸੁਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।
ਆਪਸ ਕਉ ਮੁਨੀਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।

ਜੀਆਂ ਦਾ ਬੱਧ ਕਰਕੇ ਆਖਦੇ ਹੋ ਕਿ ਅਸਾਂ ਧਰਮ ਕੀਤਾ ਏ ਫੇਰ ਦਸੋ ਅਧਰਮ ਕਿਸ ਨੂੰ ਆਖੋਗੇ? ਜੀਆਂ ਦਾ ਮਾਰਨਾਂ ਹਿੰਸਾ ਆਦਿ ਕਰਮ ਕਰਕੇ ਵੀ ਆਪ ਆਪਣੇ ਆਪ ਨੂੰ ਮੁਨਿਵਰ ਆਖਦੇ ਹੋ, ਫੇਰ ਕਸਾਈ ਕੌਣ ਹੋਇਆ?

ਪਯਾਰੇ! ਸ੍ਰੀ ਗ੍ਰੰਥ ਸਾਹਿਬ ਨੂੰ ਜਾਗਦੀ ਜੋਤ ਮੰਨਣ ਵਾਲੇ ਸਜਣੋ! ਕੀ ਏਹ ਬਾਣੀ ਆਪ ਲਈ ਨਹੀਂ ? ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਛੱਡਨਾਂ ਹੀ ਮੰਨਣਾ ਹੈ ਜਾ ਕਿ ਉਸ ਦਾ ਹੁਕਮ ਮੰਨਣਾ? ਏਹ ਗਲ ਮੰਨੀ ਪ੍ਰਮੰਨੀ ਹੋਈ ਏ ਕਿ ਜਿਸ ਕਿਸੇ ਕੰਮ ਵਿਚ ਕਿਸੇ ਸਜਨ ਦੀ ਆਪਣੀ ਵਿਸ਼ੇਸ ਰੂਚੀ ਹੋਵੇ ਉਸ ਨੂੰ ਓਹ ਘਾੜਤ ਘਾੜ ਕੇ ਸੱਚ ਝੂਠ ਦੱਸਦੇ ਲੋਕਾਂ ਦੇ ਸੌਹੈਂ ਜੋਗ ਸਿੱਧ ਕਰਨ ਦਾ ਯਤਨ ਕੀਤਾ ਏ।ਏਹ ਵਾਦੀ ਅਦਨੇ ਤੋਂ ਲੈ ਕੇ ਆਲ੍ਹਾ ਤੀਕ ਵਿਚ ਪਾਈ ਜਾਂਦੀ ਏ। ਆਮ ਸਜਨਾਂ ਦੀ ਤੇ ਗਲ ਕੀ ਏ। ਇਸ ਬੀਮਾਰੀ ਤੋਂ ਮਾਨਯੋਗ ਬਜ਼ੁਰਗ ਭਾਈ ਸਾਹਬ ਸ੍ਰਦਾਰ ਕਾਹਨ ਸਿੰਘ ਜੀ ਵੀ ਨਹੀਂ ਬਚ ਸਕੇ। ਆਪ ਆਪਣੀ ਰਚਿਤ ਪੁਸਤਕ ਗੁਰਮਤ ਸੁਧਾਕਰ ਦੇ ਅੰਕ ੪੪੦ ਵਿਚ ਭਾਈ ਗੁਰਦਾਸ ਜੀ ਦਾ ਸ਼ਬਦ "ਸੀਂਹ ਪਜੂਤੀ ਬਕਰੀ ਮਰਦੀ ਹੋਈ ਖਿੜ ਖਿੜ ਹੱਸੀ' ਲਿਖ ਦੇ ਫੁੱਟ ਨੋਟ ਵਿਚ ਇਸ ਦਾ ਭਾਵ ਸਪੱਸ਼ਟ ਕਰਨ ਲਈ ਲਿਖਦੇ ਹਨ।

ਇਸ ਪੌੜੀ ਵਿਚ ਸ਼ੇਰ ਅਤੇ ਬਕਰੀ ਦਾ ਜੋ ਸੰਬਾਦ ਹੈ, ਉਸ ਤੋਂ ਭਾਵ ਏਹ ਹੈ ਕਿ ਜੋ ਲੋਕ ਰਾਜ ਮਦ ਵਿਚ ਆ ਕੇ ਨਿਰਬਲ ਪ੍ਰਜਾ ਸਤਾਉਂਦੇ ਹਨ ਅੰਤ ਨੂੰ ਓਹਨਾਂ ਦਾ ਬੁਰਾ ਹਾਲ ਹੁੰਦਾ ਹੈ-

ਬਹੁਤਿਆਂ ਦਾ ਖਯਾਲ ਏ ਕਿ ਭਾਈ ਗੁਰਦਾਸ ਜੀ ਨੇ ਇਸ ਪੌੜੀ ਵਿਚ ਹਿੰਸਾ ਦਾ ਨਖੇਪ ਕੀਤਾ ਹੈ। ਪਰ ਜਦੋਂ ਅਸੀਂ ੪੨੯ ਵਾਂ ਅੰਕ ਪੜ੍ਹਦੇ ਹਾਂ ਤਾਂ ਮਾਲੂਮ ਹੁੰਦਾ ਹੈ ਕਿ ਭਾਈ ਸਾਹਬ ਮਾਸ ਖਾਣ ਦੇ ਵਿਰੋਧੀ ਨਹੀਂ ਸੀ।

ਅਸੀਂ ਸ੍ਰੀ ਮਾਨ ਸਰਦਾਰ ਕਾਹਨ ਸਿੰਘ ਜੀ ਦੀ ਸੇਵਾ ਵਿਚ ਨਿਮਰਤਾ ਸਹਿਤ ਅਰਜ਼ ਕਰਦੇ ਹਾਂ ਕਿ ਆਪ ਜੀ ਨੇ ਸਾਡੇ ਉਪਰੋਕਤ ਪ੍ਰਮਾਨਾਂ ਨੂੰ ਚੰਗੀ ਤਰ੍ਹਾਂ ਵਿਚਾਰ ਪੂਰਬਕ ਪੜ੍ਹਨਾ ਅਤੇ ਫੇਰ ਆਪਣੀ ਜ਼ਮੀਰ ਤੋਂ ਪੁਛਣਾ ਕਿ "ਕੀ ਗੁਰੂ ਮੱਤ ਵਿਚ ਸਿੱਖਾਂ ਮੱਤ ਵਿਚ ਸਿੱਖਾਂ ਨੂੰ ਮਾਸ ਖਾਣ ਆਦੀ ਹਿੰਸਾ ਦੀ ਆਗਿਆ ਹੈ?

ਕੀ ਭਾਈ ਜੀ ਨੇ ਇਸ ਪੌੜੀ ਵਿਚ ਮਾਸ ਖਾਣੋ ਬਿਵਰਜਤ ਨਹੀਂ ਕੀਤਾ? ਜੇ ਆਪ ਜੀ ਦੇ ਇਸ ਮੰਤਵ ਨੂੰ ਮੰਨ ਵੀ ਲਈਏ ਕਿ "ਜੋ ਲੋਕ ਰਾਜ ਮਦ ਵਿਚ ਆ ਕੇ ਨਿਰਬਲ ਪ੍ਰਜਾ ਨੂੰ ਸਤਾਉਂਦੇ ਹਨ ਅੰਤ ਨੂੰ ਉਹਨਾਂ ਦਾ ਬੁਰਾ ਹਾਲ ਹੁੰਦਾ ਹੈ" ਤਦ ਵੀ ਆਪ ਇਸ ਪਾਪ ਤੋਂ ਕਿਸੇ ਤਰ੍ਹਾਂ ਬਚ ਨਹੀਂ ਸਕਦੇ ਕਿਉਂਕਿ ਗੁਰੂ ਜੀ ਨੇ ਲਿਖਿਆ ਹੈ ਕਿ "ਇਸ ਧਰਤੀ ਮਹਿ ਤੇਰੀ ਸਿਕਦਾਰੀ। ਅਵਰ ਜੋਨ ਤੇਰੀ ਪਨਿਹਾਰੀ" ਜਿਸ ਦਾ ਭਾਵ ਕਿ "ਕਿ ਐ ਬੰਦੇ ਇਸ ਧਰਤੀ ਉਤੇ ਤੂੰ ਸਿਕਦਾਰ, ਸ੍ਰਦਾਰ ਭਾਵ ਰਾਜਾ ਹੈ। ਅਤੇ ਹੋਰ ਸਮੂਹ ਤੇਰੀ ਜੋਨੀ ਤੇਰੀ ਪਨੀਹਾਰ ਅਰਥਾਤ ਰਯਤ ਹੈ।

..........................................................

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ...

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥
ਜਿਹ ਸਿਮਰਤ ਗਨਕਾ ਸੀ
ਉਧਰੀ ਤਾ ਕੋ ਜਸੁ ਉਰ ਧਾਰੋ॥੧॥ਰਹਾਉ॥
ਅਟਲ ਭਇਓ ਧ੍ਰੂਅ ਜਾ ਕੈ
ਸਿਮਰਨਿ ਅਰੁ ਨਿਰਭੈ ਪਦੁ ਪਾਇਆ॥
ਦੁਖ ਹਰਤਾ ਇਹ ਬਿਧਿ ਕੋ
ਸੁਆਮੀ ਤੈ ਕਾਹੇ ਬਿਸਰਾਇਆ॥੧॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥
ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ॥੨॥
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥੩॥

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਮਨ ਇਕ ਕੇਂਦਰੀ ਥੀਮਿਕ ਇਕਾਈ ਹੈ; ਜਿਸ ਬਾਰੇ ਚਰਚਾ ਦੇ ਤਿੰਨ ਧਰਾਤਲ ਬਣਦੇ ਹਨ। ਪਹਿਲੇ ਵਿਚ ਮਨ ਦੇ ਔਗੁਣ ਜਾਂ ਲੱਛਣ ਅਤੇ ਉਸ ਦੇ ਮਾਇਆ ਦੇ ਪ੍ਰਭਾਵ ਕਾਰਨ ਵਿਚਲਿਤ ਹੋਣ ਦੇ ਕਾਰਨਾਂ ਉੱਪਰ ਰੋਸ਼ਨੀ ਪਾਈ ਗਈ ਹੈ, ਦੂਜੇ ਵਿਚ ਵਿਚਲਿਤ ਮਨ ਦੇ ਪ੍ਰਭਾਵ ਰੇਖਾਂਕਿਤ ਕੀਤੇ ਗਏ ਹਨ ਤੇ ਤੀਜੇ ਵਿਚ ਸਮੱਸਿਆਵਾਂ ਦਾ ਸਮਾਧਾਨ ਹੈ। ਟਿਕੇ ਹੋਏ ਮਨ ਦੀ ਅਵਸਥਾ ਦਾ ਉੱਲੇਖ ਵੀ ਕਿਧਰੇ-ਕਿਧਰੇ ਸੰਕੇਤ ਮਾਤਰ ਹੈ। ਜਦ ਮਨ ਮਾਇਆਵੀ ਪ੍ਰਭਾਵਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਸਹਿਜਮਈ ਅਵਸਥਾ ਵਿਚ ਆ ਜਾਂਦਾ ਹੈ:

ਚੰਚਲ ਮਨੁ ਦਹ ਦਿਸਿ ਕਉ
ਧਾਵਤ ਅਚਲ ਜਾਹਿ ਠਹਰਾਨੋ॥

..........................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਇਸ ਅਨੁਸਾਰ ਠੀਕ ਉਮਰ 83 ਸਾਲ ਬਣਦੀ ਹੈ। ਮੇਰੇ ਬੈਠੇ-ਬੈਠੇ ਪਿੰਡ ਭੈਣੀ ਸਾਹਿਬ ਦਾ ਪੁਰਾਣਾ ਨਾਮਧਾਰੀ ਅਤੇ ਵਰਤਮਾਨ ਸਤਿਗੁਰੂ ਜੀ ਦਾ ਖਿਡਾਵਾ ਅਤੇ ਸੇਵਕ ਸੰਤ ਗੁਰਬਖਸ਼ ਸਿੰਘ ਅਮਲੀ ਵੀ ਆ ਗਿਆ। ਉਮਰ ਵਲੋਂ ਉਹ ਵੀ ਜਗਤ ਸਿੰਘ ਹੁਰਾਂ ਦੇ ਲਾਗੇ ਚਾਗੇ ਦਾ ਹੋਣਾ ਹੈ। ਉਸਨੇ ਕਿਹਾ- ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੀ ਜਮੀਨ ਮੇਰੇ ਪੁੱਤਰਾਂ ਦੇ ਨਾਮ ਲੁਆ ਦਿੱਤੀ ਹੈ। ਆਲਾ ਸਿੰਘ ਅਤੇ ਗੁਰਬਖਸ਼ ਸਿੰਘ ਮੇਰੇ ਪੁੱਤਰ ਹਨ। ਵੱਡਾ ਮੈਨੂੰ ਸਾਲਾਨਾ 2000/ ਦੇ ਦਿੰਦਾ ਹੈ। ਛੋਟੇ ਨਾਲ ਮੈਂ ਰਹਿੰਦਾ ਹਾਂ। ਸਤਿਗੁਰਾਂ ਕਿਰਪਾ ਕਰ ਦਿੱਤੀ ਹੈ ਪਰਿਵਾਰ ਵਿੱਚ ਅਨੰਦ ਹੀ ਅਨੰਦ ਹੈ। ਲੋੜ ਜੋਗ ਪੈਸੇ ਮਿਲ ਜਾਂਦੇ ਅਤੇ ਸੇਵਾ ਹੋ ਜਾਂਦੀ ਹੈ। ਜਦੋਂ ਅਸੀਂ ਸ੍ਰੀ ਭੈਣੀ ਸਾਹਿਬ ਦੇ ਪਹਿਲੇ ਸਕੂਲ ਵਿੱਚ ਵਿੱਦਿਆ ਹਾਸਲ ਕਰ ਰਹੇ ਸਾਂ ਉਦੋਂ ਗੁਰਬਖਸ਼ ਸਿੰਘ ਜੀ ਅਮਲੀ ਸ੍ਰੀ ਬਿਅੰਤ ਸਿੰਘ (ਵਰਤਮਾਨ ਸਤਿਗੁਰੂ ਜੀ ਤੇ ਬਲੋ ਜੀ ਨੂੰ ਜੋ ਉਦੋਂ 7 ਅਤੇ 4 ਸਾਲ ਦੀ ਆਯੂ ਦੇ ਹੀ ਸਨ) ਆਪਣੀ ਦੇਖ ਰੇਖ ਵਿੱਚ ਲਿਆਇਆ ਤੇ ਲਜਾਇਆ ਕਰਦੇ ਸਨ। ਸ੍ਰੀ ਸਤਿਗੁਰੂ ਜੀ ਸ਼ਾਮੀ 7 ਵਜੇ ਤੱਕ ਵੀ ਨਹੀਂ ਆਏ। ਉਨ੍ਹਾਂ ਦੀ ਸਕਿਊਰਟੀ ਗਾਰਡਾਂ ਦੀ ਕਾਰ ਤਾਂ 6.30 ਤੱਕ ਪਹੁੰਚ ਚੁਕੀ ਹੈ। ਇਹ ਵੀ ਪਤਾ ਲੱਗ ਚੁਕਿਆ ਹੈ ਕਿ ਆਪ ਜੀ ਪਨਿਹਾਰੀਉਂ ਹੋ ਕੇ ਆਉਗੇ। ਹਾਲਾਂਕਿ ਸ. ਜਗਤਾਰ ਜੀ ਤੇ ਬੀਬਾ ਸਾਹਿਬ ਕੌਰ ਜੀ ਸਵੇਰ ਦੇ ਸ੍ਰੀ ਭੈਣੀ ਸਾਹਿਬ ਪਹੁੰਚ ਚੁਕੇ ਹਨ। ਮੰਡੀ, ਹਿਮਾਚਲ, ਲੁਧਿਆਣਾ ਅਤੇ ਦਿੱਲੀ ਤੋਂ ਕਾਫੀ ਸਰੀਰ ਆ ਚੁੱਕੇ ਹਨ। ਸ. ਹਰਭਜਨ ਸਿਘ ਲਖਨਊ, ਸੰਤ ਬਲਵੰਤ ਸਿੰਘ ਬਾਲੀ ਨਗਰ ਪਰਿਵਾਰ ਨਾਲ ਹਨ। ਜੀਵਨ ਨਗਰ ਦੇ ਵਿਅਕਤੀ ਆਪ ਨਹੀਂ ਆਏ । ਸ. ਮਹਿੰਦਰ ਸਿੰਘ ਬੱਲ ਚੇਅਰਮੈਨ ਸਤਿਗੁਰੂ ਹਰੀ ਸਿੰਘ ਕਾਲਜ , ਸ. ਹਰਮੀਤ ਸਿੰਘ ਜੀਵਨ ਨਗਰ, ਪੰਥ ਰਤਨ ਮਾਸਟਰ ਨਿਹਾਲ ਸਿੰਘ, ਪ੍ਰਧਾਨ ਨਾਮਧਾਰੀ ਦਰਬਾਰ, ਸਤਿਜੁਗ ਸੰਪਾਦਕ- ਸ. ਆਤਮਾ ਸਿੰਘ ਸਨਖੱਤਰਾ ਅਤੇ ਨਿਰੀਖਿਅਕ ਸੰਪਾਦਕ ਦਲੀਪ ਸਿੰਘ ਜੀ ਗਿਣਣਯੋਗ ਹਨ।

**14 ਅਪਰੈਲ, 1987; ਮੰਗਲਵਾਰ**
**ਸ੍ਰੀ ਭੈਣੀ ਸਾਹਿਬ**

ਅੱਜ ਵੈਸਾਖੀ ਦਾ ਪੁਰਬ ਹੈ। ਭਾਰਤੀ ਸਮਾਂਕਾਰਾਂ ਨੇ ਬਿਕਰਮੀ ਸਾਲ ਦੀ 2044 ਵੀਂ ਵੈਸਾਖੀ ਇਸਨੂੰ ਮੰਨਿਆ ਹੈ, ਗੁਰੂ ਗੋਬਿੰਦ ਸਿੰਘ ਜੀ ਨੇ 288 ਸਾਲ ਹੋਏ ਖਾਲਸਾ ਪੰਥ ਸਾਜਕੇ ਵੈਸਾਖੀ ਨੂੰ ਮਾਨਤਾ ਯੋਗ ਮਨਾਇਆ ਹੈ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਅੱਜ ਤੋਂ 130 ਸਾਲ ਪਹਿਲਾਂ ਏਸੇ ਦਿਨ ਨੂੰ ਸੰਤ ਖਾਲਸਾ ਸਾਜ ਕੇ ਇਤਿਹਾਸਕਤਾ ਬਖਸ਼ੀ। ਅੱਜ ਸਤਿਗੁਰੂ ਜਗਜੀਤ ਸਿੰਘ ਜੀ ਵੀ ਵੈਸਾਖੀ ਦੇ ਇਸ ਪੂਰਵ ਨੂੰ ਹੋਰ ਵੀ ਮਾਣ ਬਖਸ਼ ਰਹੇ ਹਨ। ਸ੍ਰੀ ਭੈਣੀ ਸਾਹਿਬ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵਲੋਂ ਅੰਗਰੇਜੀ ਮਾਧਿਅਮ ਦਾ ਸਕੂਲ ਸਥਾਪਤ ਕਰਕੇ। ਮੈਂ 4.45 ਤੇ ਨਹਾ ਧੋ ਕੇ ਆਉ ਭਗਤ ਵਾਲੇ 15 ਨੰਬਰ ਫਲੈਟ ਵਿੱਚੋਂ ਬਾਹਰ ਨਿਕਲਿਆਂ ਹੀ ਹਾਂ ਕਿ ਬਾਹਰ ਮੇਰਾ ਪੂਰਨ ਮਾਸੀ ਦੇ ਚੰਨ ਨੇ ਸੁਆਗਤ ਕੀਤਾ। ਉਹ ਅੱਜ ਹਰ ਕਿਸੇ ਨੂੰ ਆਪਣੀ ਮੁਸਕਾਨ ਨਾਲ ਨਿਹਾਲ ਕਰ ਰਹੇ ਸਨ। ਮਿੱਟੀ ਜਿਹੀ ਹਵਾ ਵੀ ਠੁਮਕ ਰਹੀ ਹੈ। ਸਾਧ ਸੰਗਤ ਸਿਮ੍ਰਤੀ ਮੰਦਰ ਵੱਲ ਰਵਾਂ ਰਵੀਂ ਪਹੁੰਚ ਰਹੀ ਹੈ। ਦੂਰੋਂ ਹੀ ਮੰਦਰ ਦੀ ਛੱਤ ਤੋਂ ਬੱਤੀਆਂ ਦੀਆਂ ਲਾਲ ਲੜੀਆਂ ਜਗਮਗਾਦੀਆਂ ਦਿਸ ਰਹੀਆਂ ਸਨ, ਬਿਜਲੀ ਦੀ ਸਜਾਵਟ ਹੋਰ ਵੀ ਕੀਤੀ ਗਈ ਸੀ। ਮੰਦਰ ਖੇਤਰ ਦੁਆਲੇ ਲੋਹੇ ਦੇ ਜਾਲੀ ਦਾਰ ਸੁੰਦਰ ਫਰੇਮ ਵੱਖਰਾ ਦਿੱਤਾ ਗਿਆ

ਹੈ। ਘਾਹ ਫੂਸ ਸਾਫ ਕਰਕੇ ਚੁਗਿਰਦਾ ਵਾਹ ਦਿੱਤਾ ਗਿਆ ਹੈ। ਖੇਤਰ ਦੇ ਪਰਵੇਸ਼ ਦੇ ਸੁੰਦਰ ਗੇਟ ਇਸ ਨਾਲ ਸੱਜੇ ਹੱਥ 'ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਦਾ ਬੋਰਡ ਚਮਕ ਰਿਹਾ ਹੈ ਅਤੇ ਮੰਦਰ ਦੁਆਲੇ ਉਚੀਆਂ ਪੋਲਾਂ ਤੇ ਰੇਸ਼ਮੀ ਝੰਡੇ ਫਰਫਰਾ ਰਹੇ ਹਨ। ਮੰਦਰ ਦੀ ਪਵਿੱਤਰਤਾ ਨੂੰ ਹੋਟਲ ਦੀ ਸ਼ੋਭਾ ਦੇ ਰਹੇ ਹਨ। ਸਾਰਾ ਮਾਰਗ ਝੰਡੀਆਂ ਨਾਲ ਢਕਿਆ ਹੋਇਆ ਹੈ। ਗੋਲ ਛੱਪਰ ਵਿੱਚ ਪਾਠਾਂ ਦਾ ਆਯੋਜਨ ਹੈ। ਮੰਚ ਪਿਛਲੇ ਰਾਹੋਂ ਅੰਦਰ ਆ ਗਿਆ ਹਾਂ। ਮੰਚ ਵੀ ਦੁਲਹਨ ਵਾਂਗ ਸਜਿਆ ਹੋਇਆ ਹੈ। ਏਨੀ ਸਜਾਵਟ ਕਦੇ ਵੀ ਵੇਖੀ ਨਹੀਂ। ਗੇਂਦੇ ਦੇ ਫੁੱਲਾਂ ਦਾ ਹਾਰ ਤੇ ਲੜੀਆਂ ਸ਼ੋਭਾਦਾਇਕ ਜੁਗਤ ਨਾਲ ਸਜਾਏ ਹੋਏ ਹਨ। ਮੰਚ ਵਾਲੀ ਪਿਛਵਾੜੇ ਵਾਲੀ ਦੀਵਾਰ ਤੇ ਵੀ ਉਦਘਾਟਨ ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ 1 ਵੈਸਾਖ 2044 ਦਾ ਪਟਕਾ ਲੱਗਿਆ ਹੋਇਆ ਹੈ। ਮੰਚ ਤੇ ਗੁਰੂ ਕੇ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਸੰਤ ਖਜਾਨ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸਰੋਤੇ ਵੀ ਕਾਫੀ ਗਿਣਤੀ ਵਿੱਚ ਸਨ। ਪਰ ਸਤਿਗੁਰੂ ਜੀ ਅਜੇ ਦੀਵਾਨ ਵਿੱਚ ਨਹੀਂ ਪਧਾਰੇ। ਪੰਜ ਵੱਜਦਿਆਂ ਨਾਲ ਹੀ ਸ੍ਰੀ ਸਤਿਗੁਰੂ ਜੀ ਵੀ ਆ ਗਏ। ਹਰ ਕੋਈ ਨਮਸਕਾਰ ਲਈ ਉੱਠ ਖਲੋਤਾ ਹੈ। ਇਸ ਵੇਲੇ 400 ਸਰੀਰ ਤੋਂ ਵੱਧ ਨਹੀਂ। ਪਰ ਮਿੰਟਾਂ ਵਿੱਚ ਹੀ ਬਾਹਰੋਂ ਮੱਥਾ ਟੇਕਣ ਵਾਲੇ ਸਰੀਰ ਆਉਣ ਲੱਗੇ ਤੇ ਆਸਾ ਦੀ ਵਾਰ ਦੀ ਸਮਾਪਤੀ ਤੱਕ 600 ਤੱਕ ਸਰੀਰ ਇਕੱਤਰ ਹੋ ਗਏ। 6.15 ਵਜੇ ਵੈਸਾਖ ਮਹੀਨੇ ਦਾ ਸ਼ਬਦ ਗਾਇਨ ਹੋ ਕੇ ਆਸਾ ਦੀ ਵਾਰ ਖਤਮ ਕੀਤੀ ਗਈ।

ਫਿਰ ਇਸੇ ਦੌਰਾਨ ਸਜੀ ਸੰਗਤ ਦੇ ਦਰਮਿਆਨ ਆਦਿ ਗ੍ਰੰਥ ਸਾਹਿਬ ਜੀ ਦੀ ਇੱਕ ਬੀੜ ਤੋਂ ਭੋਗ ਪੈਣੇ ਸ਼ੁਰੂ ਹੋ ਗਏ। ਇਸ ਪਾਠ ਦੀ ਅਰਦਾਸ ਤੋਂ ਪਤਾ ਲੱਗਾ ਜੋਕਿ ਸੰਤ ਪੂਰਬਾ ਜੀ ਪਾਸੋਂ ਹੋਈ ਸੀ ਕਿ ਇਹ ਅਰਦਾਸ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਦੇ ਸਕੂਲ ਨਮਿਤ ਹੈ। 6.30 ਵੱਜ ਗਏ। ਅੱਜ ਦੀ ਇਕੱਤਰਤਾ ਵਿੱਚ ਕੁਝ ਨਾਮ ਜਿਕਰਯੋਗ ਹਨ। ਇਹਨਾਂ ਵਿੱਚੋਂ ਕੁਝ ਮੰਚ ਦੀ ਸੋਭਾ ਸਨ ਅਤੇ ਕੁਝ ਦਰਸ਼ਕਾਂ ਵਿੱਚ ਬੈਠੇ ਹੋਏ ਸਨ ਜਿਵੇਂ ਕਿ ਸੰਤ ਜਗਤਾਰ ਸਿੰਘ, ਸੇਠ ਤ੍ਰਿਲੋਕ ਸਿੰਘ , ਹਰਵਿੰਦਰ ਸਿੰਘ ਹੰਸਪਾਲ ਜੀ, ਸ. ਹਰਭਜਨ ਸਿੰਘ ਜੀ ਨੌਰੰਗਾਬਾਦੀ, ਸੇਠ ਹਰਮਿੰਦਰ ਸਿੰਘ ਚਾਵਲਾ ਬੈਕੋਂਕ, ਸੰਤ ਵਜਿੰਦਰ ਸਿੰਘ ਬੈਕੋਂਕ, ਸੇਠ ਗੁਰਦਰਸ਼ਨ ਸਿੰਘ ਬੈਂਕੋਕ ਸਮੇਤ ਗਵਾਲੀਅਰ ਪੜ੍ਹਦੇ ਲੜਕੇ ਦੇ। ਸਾਧੂ ਸਿੰਘ ਜਲੰਧਰ, ਚੈਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਪ੍ਰਿੰਸੀਪਲ ਸ. ਗੁਰਦਿਆਲ ਸਿੰਘ ਵਾਈਸ ਚੈਅਰਮੈਨ, ਸ. ਜਗਤ ਸਿੰਘ ਸਕੱਤਰ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ, ਹੈਡ ਮਾਸਟਰ ਸ. ਜਗਤ ਸਿੰਘ ਅਕੈਡਮੀ ਸਕੂਲ, ਉਸਤਾਦ ਪਿਆਰਾ ਸਿੰਘ ਦਿੱਲੀ, ਸ. ਲਾਭ ਸਿੰਘ ਹੈਦਰਾਬਾਦ, ਸ. ਸੇਵਾ ਸਿੰਘ ਨਾਮਧਾਰੀ ਏਜੰਸੀ, ਸੰਤ ਬਲਵੰਤ ਸਿੰਘ ਮੁਖੀ ਭੈਣੀ ਸਾਹਿਬ ਵਿਕਾਸ ਸਮਿਤੀ। ਨਾਮਧਾਰੀ ਦਰਬਾਰ ਦੇ ਪ੍ਰਧਾਨ ਪੰਥ ਰਤਨ ਮਾਸਟਰ ਨਿਹਾਲ ਸਿੰਘ, ਸਤਿਜੁਗ ਸੰਪਾਦਕ ਸਨਖੱਤਰਾ, ਨਿਰੀਖਿਅਕ ਸੰਪਾਦਕ ਦਲੀਪ ਸਿੰਘ ਚਾਵਲਾ, ਸ. ਜੁਗਿੰਦਰ ਸਿੰਘ ਉਬਿਰਾਏ, ਪ੍ਰਤੀਨਿਧੀ ਅੰਗਰੇਜ਼ੀ ਟ੍ਰਿਬਿਊਨ, ਅਜੀਤ ਦੇ ਪ੍ਰਤੀਨਿਧੀ ਸ੍ਰੀ ਮੁਸਾਫਰ, ਸ. ਸ਼ਾਮ ਸਿੰਘ ਲੁਧਿਆਣਾ, ਸ੍ਰੀ ਸੁਰਜੀਤ ਖੁਰਸ਼ੀਦੀ, ਸ. ਮਹਿੰਦਰ ਸਿੰਘ ਬੱਲ, ਚੈਅਰਮੈਨ ਗੁਰੂ ਹਰੀ ਸਿੰਘ ਕੰਪਲੈਕਸ ਕਮੇਟੀ, ਸ. ਹਰਮੀਤ ਸਿੰਘ, ਜੀਵਨ ਨਗਰ ਦੇ ਚੈਅਰਮੈਨ, ਅਮਰੀਕ ਸਿੰਘ ਮੈਨੇਜਰ ਗੁਰੂ ਹਰੀ ਸਿੰਘ ਕਾਲਜ, ਆਦਿ ਹੋਰ ਅਨੇਕਾਂ। ਇਸ ਸਮਾਗਮ ਦੇ ਮੰਚ ਪ੍ਰਬੰਧਕ ਸ. ਨਿਰਮਲ ਸਿੰਘ ਆਰਕੀਟੈਕਟ ਸਕੱਤਰ ਗੁਰੂ ਰਾਮ ਸਿੰਘ ਅਕੈਡਮੀ ਸਨ। ਵਾਰ ਦੀ ਸਮਾਪਤੀ ਪਿੱਛੋਂ ਇੱਕ ਜਰੂਰੀ ਇਕੱਤਰਤਾ ਲਈ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਖਾਸ ਵਿਅਕਤੀਆਂ ਦੀ ਇੱਕ ਮੀਟਿੰਗ ਮੰਚ ਪਿਛਲੇ ਕਮਰੇ ਵਿੱਚ ਹੋਣ ਕਾਰਨ ਮੰਚ ਮੇਰੇ ਹਵਾਲੇ ਕਰ ਦਿੱਤਾ ਗਿਆ। ਮੈਂ ਅਜੇ ਉਂਝ ਹੀ ਇਹਨਾਂ ਸਰਗਰਮੀਆਂ ਤੋਂ ਅਣਮਿਲ ਸਾਂ, ਤਾਂ ਵੀ 6. 45 ਤੋਂ ਮੈਂ ਸਤਿਗੁਰੂ ਪ੍ਰਤਾਪ ਸਿੰਘ ਸਿੰਘ ਅਕੈਡਮੀ ਬਾਰੇ ਕੁਝ ਸ਼ਬਦ ਆਖੇ। ਬਾਅਦ ਵਿੱਚ ਮੈਂ ਇਸ ਸਕੂਲ ਦੇ ਹੈਡ ਮਾਸਟਰ ਸ. ਜਸਵੰਤ ਸਿੰਘ ਕੰਵਲ ਦਾ ਨਾਮ ਲਿਆ। ਜਿੰਨਾ ਦੀ ਪਗੜੀ ਟੇਢੀ ਅਤੇ ਹੇਠ ਨਾਮਧਾਰੀ ਵਸਤਰ ਹਨ। ਉਹਨਾਂ ਨੇ ਲਿਖਿਤ ਤਕਰੀਰ ਪੜ੍ਹੀ ਜੋ ਸੰਸਕ੍ਰਿਤ ਦੇ ਸੁੰਦਰ ਸ਼ਬਦਾਂ ਦੇ ਲਿਬਾਸ ਵਿੱਚ ਸੀ। ਆਪ ਨੇ ਕਿਹਾ–

1.ਸਾਡਾ ਸਕੂਲ ਗੁਰੂ ਰਾਮ ਸਿੰਘ ਜੀ ਦੇ ਆਦਰਸ਼ ਅਤੇ ਅਸੂਲਾਂ ਨੂੰ ਕਾਇਮ ਰੱਖਦਾ ਹੈ। ਏਥੇ ਪੜ੍ਹਨ ਵਾਲੇ ਬੱਚਿਆਂ ਨੂੰ ਅਜੋਕੀ ਤਾਲੀਮ ਅੰਗਰੇਜੀ ਮਾਧਿਅਮ ਵਿੱਚ ਦੇਵਾਂਗੇ।

2.ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਰਜ ਖੇਤਰ ਵਿੱਚ ਵਿਚਰਣ ਲਈ ਅੰਗਰੇਜ਼ੀ ਦਾ ਵਰਤਣਾ ਜਰੂਰੀ ਜੈਸਾ ਹੋ ਗਿਆ ਹੈ।

ਇਹਨਾਂ ਜਰੂਰਤਾਂ ਨੂੰ ਸਮਝ ਕੇ ਹੁਣ ਸਤਿਗੁਰੂ ਜੀ ਨੇ ਅੰਗਰੇਜੀ ਮਾਧਿਅਮ ਵਿੱਚ ਤਾਲੀਮ ਦੇਣ ਦੀ ਆਗਿਆ ਕੀਤੀ

ਹੈ। ਅਸੀਂ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸਕੂਲ ਵਿੱਚ ਸਾਦਗੀ, ਉੱਚੀ ਰਹਿਣੀ-ਬਹਿਣੀ, ਧਾਰਮਿਕਤਾ, ਅਨੁਸ਼ਾਸ਼ਨ, ਦੇਸ਼ ਭਗਤੀ, ਅਹਿੰਸਾ ਅਤੇ ਨੈਤਿਕਤਾ ਆਦਿ ਦੇ ਬੀਜ ਵਿਦਿਆਰਥੀਆਂ ਦੀ ਮਨੋਭੂਮੀ ਵਿੱਚ ਬੀਜਾਂਗੇ।

3.ਸਾਡਾ ਸਕੂਲ ਉਪਰੋਕਤ ਗੱਲਾਂ ਨੂੰ ਅਮਲ ਵਿੱਚ ਲਿਆਉਂਦਾ 1986 ਦੀ ਕਿੱਤਾ ਟ੍ਰੇਨਿੰਗ ਨੂੰ ਨਾਲ ਨਾਲ ਜਾਰੀ ਰੱਖੇਗਾ ਤਾਂਕਿ ਸਾਡੇ ਵਿਦਿਆਰਥੀਆਂ ਲਈ ਬੇਰੋਜਗਾਰੀ ਦੀ ਸਮੱਸਿਆ ਨਾ ਹੋਵੇ।

4. ਏਥੇ ਕੇ. ਜੀ. ਤੋਂ ਲੈ ਕੇ +2 ਤੱਕ ਪੜ੍ਹਾਈ ਹੋਵੇਗੀ।

5. ਇਹ ਸਕੂਲ ਰਿਹਾਇਸ਼ੀ ਹੋਵੇਗਾ।

6. ਦਾਖਲੇ ਵਾਸਤੇ 196 ਬੱਚਿਆਂ ਦੇ ਨਾਮ ਆ ਚੁੱਕੇ ਹਨ।

7. ਸਾਡੇ ਸਕੂਲ ਦੀ ਫੀਸ 8500 ਰੁਪਏ ਸਾਲਾਨਾ ਹੈ, ਦੂਜੇ ਅਜਿਹੇ ਸਕੂਲਾਂ ਤੋਂ ਬਹੁਤ ਘੱਟ।

8. ਬੱਚੇ ਅਤੇ ਬੱਚੀਆਂ ਲਈ ਪੁਸ਼ਾਕ ਨਾਮਧਾਰੀ ਕਾਟ ਦੇ ਬਸਤਰ ਹੋਣਗੇ।

9. ਅਸੀਂ ਬੱਚਿਆਂ ਦੇ 24 ਘੰਟਿਆਂ ਦੇ ਜੀਵਨ ਲਈ ਜਿੰਮੇਵਾਰ ਹੋਵਾਂਗੇ

10. ਅਸੀਂ ਆਪਣੇ ਸਕੂਲ ਨੂੰ 3 ਹਾਊਸਾਂ ਵਿੱਚ ਵੰਡਿਆ ਹੈ- ਸ਼ਹੀਦ ਬਿਸ਼ਨ ਸਿੰਘ ਹਾਊਸ, ਸੰਤ ਕੇਸਰ ਸਿੰਘ ਹਾਊਸ ਅਤੇ ਮਹਾਰਾਜਾ ਰਣਜੀਤ ਸਿੰਘ ਹਾਊਸ

11. ਸਕੂਲ ਸਵੇਰੇ 4 ਵਜੇ ਤੋਂ ਚੱਲ ਕੇ ਰਾਤ ਦੇ 9 ਵਜੇ ਤੱਕ ਜਾਰੀ ਰਹੇਗਾ

ਇਸ ਤੋਂ ਬਾਅਦ ਸਕੂਲ ਬਾਰੇ ਹੋਰ ਜਾਣਕਾਰੀ ਦੇ ਕੇ ਸਕੂਲ ਦੇ ਅਧਿਆਪਕਾਂ ਬਾਰੇ ਵਾਕਫੀ ਦਿੱਤੀ। ਇੱਕ ਤਰ੍ਹਾਂ ਇਹ ਤਕਰੀਰ ਸਕੂਲ ਨਾਲ ਸੰਬੰਧਿਤ ਹਰ ਪ੍ਰਕਾਰ ਦਾ ਧਿਆਨ ਕਰਵਾਉਣ ਵਾਲੀ ਸੀ।

7 ਵੱਜ ਗਏ ਅਤੇ ਅਤੇ ਅੰਦਰੂਨੀ ਮੀਟਿੰਗ ਜਾਰੀ ਸੀ। ਫਿਰ ਇਸ ਅਕੈਡਮੀ ਦੇ ਵਾਈਸ ਚੈਅਰਮੈਨ ਸ. ਗੁਰਦਿਆਲ ਸਿੰਘ ਪ੍ਰਿੰਸੀਪਲ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ ਬੋਲੇ। ਆਪ ਜੀ ਨੇ ਪਰਮ ਸ਼ਰਧਾ ਅਤੇ ਸਤਿਕਾਰ ਨਾਲ ਸਤਿਗੁਰੂ ਜੀ ਅਤੇ ਸੰਗਤ ਨੂੰ ਸੰਬੋਧਨ ਕਰਕੇ ਆਪਣੇ ਵਿਚਾਰ ਪੇਸ਼ ਕੀਤੇ। ਸੰਖੇਪ ਇਸ ਪ੍ਰਕਾਰ ਹੈ-

ਜਿਵੇਂ ਅੱਜ ਦਾ ਇਹ ਦੀਵਾਨ ਸੱਜਿਆ ਹੈ, 288 ਸਾਲ ਪਹਿਲੇ ਵੀ ਦਸ਼ਮੇਸ਼ ਪਿਤਾ ਦੇ ਸਮੇਂ ਇਸੇ ਤਰ੍ਹਾਂ ਦਾ ਦੀਵਾਨ ਸੱਜਿਆ ਸੀ। ਉਸ ਦਿਨ ਵੀ ਸਾਨੂੰ ਨਵਾਂ ਸੰਦੇਸ਼ ਮਿਲਿਆ ਸ, ਅੱਜ ਵੀ ਉਸੇ ਤਰ੍ਹਾਂ ਨਵਾਂ ਸੰਦੇਸ਼ ਸਾਡੇ ਸਨਮੁਖ ਹੈ। ਸਤਿਗੁਰੂ ਜੀ ਜਿੱਥੇ ਨਾਮ ਦਾਨ ਦੀ ਦਾਤ ਪ੍ਰਧਾਨ ਕਰਦੇ ਹਨ ਉੱਥੇ ਚੰਗੇ ਜੀਵਨ ਜਾਚ ਦੇਣ ਵਾਲੀ ਵਿੱਦਿਆ ਵੀ ਬਖਸ਼ਿਆ ਕਰਦੇ ਹਨ। ਸਭ ਤੋਂ ਪਹਿਲਾਂ ਮੌਲਾਨਾ ਭਰਾਵਾਂ ਨੇ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਫਿਰ ਮਾਲਵਾ ਕਾਲਜ ਸਥਾਪਿਤ ਹੋਇਆ, ਦਾਸ ਵੀ ਇਸੇ ਕਾਲਜ ਦਾ ਵਿਦਿਆਰਥੀ ਹੈ। ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼੍ਰੇਸ਼ਟ ਸਪੁੱਤਰ ਅਤੇ ਜਾਨਸ਼ੀਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਡੇ ਤੇ ਇਹ ਸਕੂਲ ਦੀ ਕਿਰਪਾ ਕੀਤੀ ਹੈ। ਆਤਮਿਕ ਭੁੱਖ ਹੋਰਨਾਂ ਸਕੂਲਾਂ ਦੀ ਤਾਂ ਬਣੀ ਰਹਿੰਦੀ ਹੈ ਸਾਡੀ ਇਹ ਭੁੱਖ ਤਾਂ ਨਹੀਂ ਪਰ ਵਿਹਾਰਕ ਪੱਧਰ ਤੇ ਉੱਚਾ ਉੱਡਣ ਲਈ ਇਹ ਯਤਨ ਹੈ। ਅੰਗਰੇਜੀ ਤਾਲੀਮ ਬਿਨ੍ਹਾਂ ਅੱਜ ਦੇ ਸਮੇਂ ਵਿੱਚ ਉੱਨਤੀ ਕਰਨਾ ਨਾਮੁਮਕਿਨ ਹੈ। ਮੇਰੇ ਨਾਨਾ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ। ਆਪ ਜੀ ਕਿਹਾ ਕਰਦੇ ਸਨ-"ਮੈਂ ਸਤਿਜੁਗ ਲਿਆ ਰਿਹਾ ਹਾਂ।

ਅਸੀਂ ਪੁਰਾਣੀ ਅਰਥਾਤ ਸਦੀਵੀ ਸੱਭਿਅਤਾ ਨੂੰ ਭੁੱਲਦੇ ਜਾ ਰਹੇ ਹਾਂ, ਜਿਸ ਨੇ ਸਾਨੂੰ ਅਜੋਕੇ ਜੁਗ ਵਿੱਚ ਅੱਗੇ ਲੈ ਕੇ ਜਾਣਾ ਹੈ। ਇਹ ਕਾਰਜ ਸਾਡਾ ਸਕੂਲ ਕਰੇਗਾ।

ਜਦੋਂ ਦੀ ਸਾਡੀ ਅਕੈਡਮੀ ਦੀ ਖਬਰ ਲੋਕਾਂ ਨੂੰ ਪਤਾ ਲੱਗੀ ਹੈ, ਲੁਧਿਆਣੇ ਵਿੱਚ ਹੀ ਸਾਡੀ ਰੀਸੇ ਕਈ ਅਕੈਡਮੀਆਂ ਹੋਂਦ ਵਿੱਚ ਆ ਗਈਆਂ ਹਨ ਪਰ ਸਾਡੀ ਅਕੈਡਮੀ ਦੀ ਆਪਣੀ ਵਿਸ਼ੇਸ਼ ਮਹੱਤਤਾ ਹੋਵੇਗੀ। 7. 20 ਹੁਣ ਸ. ਜਗਤ ਸਿੰਘ, ਸਕੱਤਰ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ ਵਾਲੇ ਬੋਲੇ ਤੱਤ ਸਾਰ ਇਸ ਤਰ੍ਹਾਂ ਹੈ- ਸਾਡੇ ਜਿੰਨ੍ਹੇ ਖਾਲਸਾ ਸਕੂਲ ਅਤੇ ਖਾਲਸਾ ਕਾਲਜ ਹਨ ਉਨ੍ਹਾਂ ਵਿੱਚੋਂ ਧਰਮ ਭਾਵਾਨਾ ਘਟਦੀ ਘਟਦੀ ਘਟ ਹੀ ਗਈ ਹੈ। ਜਿਹੜੀ ਸਿੱਖਿਆ ਛੋਟੇ ਹੁੰਦਿਆਂ ਦਿੱਤੀ ਜਾਂਦੀ ਹੈ ਉਹ ਸਾਰੀ ਉਮਰ ਨਾਲ ਨਿਭਦੀ ਹੈ। ਕਿਸੇ ਕੌਮ ਨੂੰ ਬਣਾਉਣ ਵਾਸਤੇ 25 ਸਾਲ ਦਾ ਸਮਾਂ ਦਰਕਾਰ ਹੁੰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਦਾ ਇਹ ਸਕੂਲ ਸਤਿਗੁਰੂ ਜੀ ਦਾ ਤਕੜਾ ਉਪਰਾਲਾ ਹੈ ਜਿਸਦੇ ਸਿੱਟੇ 25 ਸਾਲ ਬਾਅਦ ਨਿਕਲਣਗੇ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਉਹਨਾਂ ਆਉਂਦਿਆਂ ਆਖਿਆ ਕਿ ਇਸ ਮੁਸ਼ਟੰਡੇ ਨੂੰ ਕਿਵੇਂ ਬਹਾਇਆ ਈ ? ਏਨੇ ਨੂੰ ਸੰਤ ਕੇਸਰ ਕਿੱਲੀ ਬਿਲਕੁਲ ਨਗਨ ਅਵਸਥਾ ਵਿਚ ਰਾਰਾ...ਰਾਰਾ... ਕਰਦੇ ਆ ਗਏ। ਸੰਤਾਂ ਸਿਰਹਾਲੀ ਵਾਲਿਆਂ ਆਪਣੀ ਸਿੰਘਣੀ ਨੂੰ ਫਿਰ ਕਿਹਾ, "ਲਿਆ ਮੰਜਾ ਜਲ ਪਾਣੀ, ਸੰਤ ਜੀ ਆਏ ਨੇ।" ਇੰਦਰ ਦਾਸ ਆਖੇ, "ਮੈਂ ਮੁਸ਼ਟੰਡਾ ਤੇ ਆਹ ਧਗੜਾ, ਜਿਹੜਾ ਨੰਗਾ ਈ, ਇਹਦੇ ਘਰ ਆ ਵੜਿਆ ਏ, ਇਹ ਸੰਤ ਹੋ ਗਿਆ।" ਧੰਨ ਸਤਿਗੁਰੂ ਰਾਮ ਸਿੰਘ ਤੇ ਧੰਨ ਉਸਦੇ ਸਿੱਖ।

ਅੰਮ੍ਰਿਤਸਰ ਜ਼ਿਲੇ ਦੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਨੇ ਸਾਰੇ ਜ਼ਲ੍ਹਿ ਦੇ ਸੰਤਾਂ ਮਹੰਤਾਂ ਸਿਰਕਰਦਾ ਬੰਦਿਆਂ ਨੂੰ ਆਪਣੀ ਅਦਾਲਤ ਵਿਚ ਪਹੁੰਚ ਕੇ ਮਿਲਣ ਲਈ ਆਖਿਆ। ਸਭ ਕਤਾਰਾਂ ਬੰਨ੍ਹ ਬੰਨ੍ਹ ਕੇ ਡਾਲੀਆਂ ਲੈ ਲੈ ਕੇ ਮਿਲਣ ਗਏ। ਡੀ.ਸੀ. ਨੇ ਆਪਣੇ ਮਾਤਹਿਤਾਂ ਨੂੰ ਪੁੱਛਿਆ ਕਿ ਜ਼ਲ੍ਹਿ ਦੇ ਸਭ ਲੋਕ ਜੋ ਮੈਂ ਸੱਦੇ ਸੀ, ਆ ਗਏ ਜਾਂ ਰਹਿ ਗਏ। ਉਹਨਾਂ ਕਿਹਾ ਜੀ ਹੋਰ ਤਾਂ ਸਭ ਆ ਗਏ ਹਨ ਇਕ ਮਲੰਗ ਜਿਹਾ ਕੂਕਾ ' ਸੰਤ ਹੈ ਮੁਹਾਵੇ ਪਿੰਡ ਦਾ, ਬਾਬਾ ਕੇਸਰ ਉਹਨੂੰ ਲੋਕ ਕਹਿੰਦੇ ਹਨ, ਉਹਦੇ ਕੋਲ ਜਦੋਂ ਅਸੀਂ ਆਪ ਦਾ ਸੁਨੇਹਾ ਲੈ ਕੇ ਗਏ, ਪਈ ਸਾਹਿਬ ਤੁਹਾਨੂੰ ਸੱਦਦਾ ਏ ਮਿਲਣ ਲਈ ਤਾਂ ਉਸ ਜੁਆਬ ਦਿੱਤਾ ਕਿ ਅਸਾਂ ਤੇ ਇਕ ਰਾਮੇ (ਸਤਿਗੁਰੂ ਰਾਮ ਸਿੰਘ ਜੀ ਦਾ ਪਿਆਰ ਦਾ ਛੋਟਾ ਨਾਂ ਮਸਤ ਲੋਕਾਂ ਦਾ) ਨਾਲ ਹੀ ਰੱਖੀ ਏ ਸਾਨੂੰ ਤੁਹਾਡੇ ਸਾਹਿਬ ਨੂੰ ਮਿਲਣ ਦੀ ਲੋੜ ਈ ਕੋਈ ਨਹੀਂ। ਹੁਣ ਡੀ. ਸੀ. ਖ਼ੁਦ ਚੱਲ ਕੇ ਬਾਬਾ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਨੰਗੇ ਪਿੰਡੇ ਧੁੱਪੇ ਬੈਠੇ ਸੰਤਾਂ ਨੂੰ ਮਿਲ ਕੇ ਬੜਾ ਪ੍ਰਸੰਨ ਹੋਇਆ ਤੇ ਜਦੋਂ ਪੁੱਛਿਓ ਸੂ, "ਸੰਤ ਜੀ ਤੁਹਾਡੇ ਚੇਲੇ ਕਿੰਨੇ ਹਨ ? ਉਹਨਾਂ ਕਿਹਾ, ਅਸੀਂ ਚੇਲੇ ਨਹੀਂ ਬਣਾਉਂਦੇ ਹੁੰਦੇ। ਇਹ ਜੋ ਇਥੇ ਬੈਠੇ ਹਨ, ਇਹ ਸਭ ਤਾਂ ਸਾਡੇ ਸੰਗੀ ਸਾਥੀ ਗੁਰੂ ਭਾਈ ਹਨ।" ਸੰਤਾਂ ਦੀ ਕ੍ਰਿਪਾ ਨਾਲ ਵੱਡੇ ਵੱਡੇ ਵਿਕਾਰੀ ਪੁਰਖ ਵੀ ਸੱਤ ਮਾਰਗ ਦੇ ਪਾਂਧੀ ਬਣ ਗਏ। ਇਹਨਾਂ ਵਿਚੋਂ ਹੀ ਇਕ ਸੀ ਗ਼ਦਰ ਪਾਰਟੀ ਦਾ ਮਸ਼ਹੂਰ ਆਗੂ ਬਾਬਾ ਸੋਹਣ ਸਿੰਘ ਭਕਨਾ।

ਜਦੋਂ ਸੰਤ ਜੀ ਦਾ ਪਿੰਡ ਭਕਨੇ ਜਾਣਾ ਆਉਣਾ ਹੋਇਆ ਅਤੇ ਸੋਹਣ ਸਿੰਘ ਨਾਲ ਕੁਝ ਮੇਲ ਗੇਲ ਹੋਇਆ। ਸੋਹਣ ਸਿੰਘ ਦਾ ਅੱਗੋਂ ਮੇਲ ਗੋਲ ਪੱਟੀ ਦੀ ਇਕ ਵੇਸਵਾ ਨਾਲ ਸੀ। ਸੋਹਣ ਸਿੰਘ ਹੋਰਾਂ ਦੀ ਮਾਤਾ ਅਤੇ ਪਿੰਡ ਦੇ ਹੋਰ ਬਜ਼ੁਰਗਾਂ ਨੇ ਬਾਬਾ ਕੇਸਰ ਜੀ ਨੂੰ ਬੇਨਤੀ ਕੀਤੀ ਕਿ ਜੇ ਸੋਹਣ ਸਿੰਘ ਨੂੰ ਫਲਾਣੇ ਥਾਂ ਪੱਟੀਓਂ ਜਾਣੋਂ ਹਟਾ ਦਿਓ ਤਾਂ ਸਾਡੇ ਪਿੰਡ ਦੇ ਹੋਰ ਵੀ ਮੁੰਡੇ ਜੋ ਵਿਗੜ ਰਹੇ ਹਨ, ਸਿੱਧੇ ਰਾਹ ਆ ਜਾਣਗੇ। ਲੋਕ ਕਹਿੰਦੇ ਸੀ ਕਿ ਜੇ ਸੰਤਾਂ ਨੇ ਸੋਹਣ ਸਿੰਘ ਨੂੰ ਨੱਥ ਪਾ ਲਈ ਤਾਂ ਸਮਝੋ ਪਈ ਸਾਰਾ ਭਕਨਾ ਅਤੇ ਇਹਦੇ ਆਲੇ ਦੁਆਲੇ ਦੇ ਹੋਰ ਪਿੰਡਾਂ ਦੇ ਗੱਭਰੂ (ਜਿਹਨਾਂ ਨਾਲ ਸੋਹਣ ਸਿੰਘ ਦੀ ਸੰਗਤ ਸੀ) ਵੀ ਨੱਥੇ ਜਾਣਗੇ।

ਇਕ ਦਿਨ ਸੰਤ ਮੁਹਾਵੇ ਵਾਲੇ ਪੱਟੀ ਉਸੇ ਬੀਬੀ ਦੇ ਮਕਾਨ 'ਤੇ ਪੁੱਜ ਗਏ। ਸੰਤਾਂ ਦੀ ਸੋਅ ਤਾਂ ਚਾਰ ਚੁਫੇਰੇ ਹੀ ਸੁਗੰਧੀ ਵਾਂਗੂੰ ਬਿਖਰੀ ਹੋਈ ਸੀ। ਬੀਬੀ ਨੇ ਆਦਰ ਸਤਿਕਾਰ ਕਰਕੇ ਬੈਠਾਇਆ ਅਤੇ ਫਿਰ ਦਰਸ਼ਨ ਦੇਣ ਦਾ ਪ੍ਰਯੋਜਨ ਪੁੱਛਿਆ। ਸੰਤ ਜੀ ਨੇ ਕਿਹਾ, "ਪੁੱਤਰਾ, ਮੈਂ ਤੈਥੋਂ ਕੁਝ ਲੈਣ ਆਇਆ ਹਾਂ। ਖ਼ਾਲੀ ਨਾ ਮੋੜੀ।" ਉਸ ਆਖਿਆ, "ਜੋ ਮੰਗੋ, ਸੰਤ ਜੀ। ਜਾਨ ਵੀ ਹਾਜ਼ਰ ਹੈ, ਜੇ ਤੁਹਾਡੇ ਜਿਹੇ ਖ਼ੁਦਾਪ੍ਰਸਤ ਦੇ ਲੇਖੇ ਲੱਗ ਜਾਵੇ ਤਾਂ।" ਸੰਤਾਂ ਆਖਿਆ, "ਪੁੱਤਰ ਮੈਨੂੰ ਸੋਹਣਾ ਦੇ ਦੇ।" "ਜਾਓ ਬਾਪੂ ਜੀ ਦਿੱਤਾ।" ਉਸ ਨੇ ਤਤ ਛਿਨ ਜੁਆਬ ਦਿਤਾ। ਸੰਤ ਘਰ ਆ ਗਏ। ਕੁਝ ਸਮੇਂ ਬਾਅਦ ਸੋਹਣ ਸਿੰਘ ਭਕਨਾ ਜਦੋਂ ਉਸੇ

ਕੋਠੇ 'ਤੇ ਗਿਆ ਤਾਂ ਬੀਬੀ ਨੇ ਆਖਿਆ ਕਿ ਸੰਤਾਂ ਨੂੰ ਬਚਨ ਦੇ ਦਿਤਾ ਹੈ। ਹੁਣ ਤੁਸੀਂ ਮੈਨੂੰ ਖ਼ਿਮਾ ਕਰੋਗੇ।

ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

ਨਾਮਧਾਰੀ ਪੰਥ ਦੀ ਸੰਤ ਮੰਡਲੀ ਦੇ ਸਿਰਮੌਰ ਸੰਤਾਂ ਵਿਚ ਮੁਹਾਵੇ ਵਾਲਿਆਂ ਦਾ ਨਾਮ ਆਉਂਦਾ ਹੈ ਜਿਹਨਾਂ ਤੋਂ ਵਕਤ ਦੀ ਗ਼ੈਰ ਨਾਮਧਾਰੀ ਵਸੋਂ ਵੀ ਮੁਤਾਸਰ ਸੀ।

ਹੋਲੇ ਦੇ ਭੋਗ ਤੋਂ ਬਾਦ ਸਤਿਗੁਰੂ ਜੀ ਇਸੇ ਜ਼ਿਲ੍ਹੇ ਸ਼ੇਖੂਪੁਰੇ ਦੇ ਪਿੰਡ ਮਹਿਮਦਵਾਲੀ ਵਿਖੇ ਚਰਨ ਪਾਏ। ਇਹ ਸਾਰਾ ਨਗਰ ਵੀ ਨਾਮਧਾਰੀਆਂ ਦਾ ਹੀ ਸੀ। ਇੱਥੋਂ ਦੀ ਸੰਗਤ ਨੇ ਬਹੁਤ ਸੇਵਾ ਕੀਤੀ, ਪ੍ਰੇਮ ਨਾਲ। ਮਹਿਮਦਵਾਲੀ ਤੋਂ ਸਾਰੀ ਸੰਗਤ ਨੂੰ ਤਾਂ ਗੁਰੂ ਜੀ ਨੇ ਰੇਲ ਗੱਡੀ ਤੇ ਚੜ੍ਹ ਜਾਣ ਦਾ ਹੁਕਮ ਕੀਤਾ ਅਤੇ ਆਪ ਘੋੜਿਆਂ ਤੇ ਆਪਣੇ ਹਜ਼ੂਰੀ ਜਥੇ ਸਮੇਤ, ਜ਼ਿਲ੍ਹਾ ਗੁਜਰਾਂ ਵਾਲਾ ਦੇ ਪਿੰਡ ਕਾਲਿਆਂ ਵਾਲੀ ਵਿਚ ਜਾ ਉਤਰੇ। ਇੱਥੋਂ ਪੁਰਾਤਨ ਸ਼ਹਿਰ ਹਾਫਿਜ਼ਾਬਾਦ ਦੇ ਸੁੱਤੇ ਭਾਗ ਜਾ ਜਗਾਏ। ਇਹ ਖੱਤਰੀ ਅਰੋੜਿਆਂ ਦੀ ਜ਼ਿਆਦਾ ਵੱਸੋਂ ਵਾਲਾ ਕਸਬਾ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਸਭ ਦੇ ਮਨ ਸ਼ਾਂਤ ਹੋ ਗਏ। ਖ਼ੁਸ਼ੀਆਂ ਦੂਣ ਸਵਾਈਆਂ ਹੋਈਆਂ। ਕਈਆਂ ਨੇ ਨਾਮ ਦਾਨ ਲੈ ਕੇ ਰਹਿਤ ਮਰਯਾਦਾ ਧਾਰਨ ਕੀਤੀ ਅਤੇ ਸਿੰਘ ਸਜ ਗਏ। ਕੀਰਤਨ ਵੇਲੇ ਬਹੁਤ ਸੰਗਤ ਜੁੜਦੀ।

**ਊਧਮ ਸਿੰਘ ਚੇਲੇਕੇ:**

ਹਾਫ਼ਿਜ਼ਾਬਾਦ ਤੋਂ ਦਸ ਯਾਰਾਂ ਕੋਹਾਂ 'ਤੇ ਇਕ ਪਿੰਡ ਸੀ ਲੌਢੇ ਵੇਲੇ ਨਾਲ ਸ੍ਰੀ ਸਤਿਗੁਰੂ ਜੀ ਉਸ ਨਗਰ ਵਿਚ ਦਾਖ਼ਲ ਹੋਏ। ਇੱਥੇ ਜਿਹੜਾ ਊਧਮ ਸਿੰਘ ਚੇਲੇਕਿਆਂ ਵਾਲਾ ਸੀ, ਘੋੜਿਆਂ ਦਾ ਦਰੋਗਾ, ਉਸਦੀ ਬਾਂਹ ਇਕ ਮਸਤੀ ਵਿਚ ਆਏ ਘੋੜੇ ਨੇ ਮੂੰਹ ਵਿਚ ਪਾ ਲਈ ਅਤੇ ਛੱਡੇ ਨਾ। ਪੰਜਾਹ ਸੱਠ ਆਦਮੀ ਘੋੜੇ ਨੂੰ ਡਾਂਗਾ ਮਾਰਨ ਵਾਲੇ, ਪਰ ਘੋੜਾ ਬਾਂਹ ਨਾ ਛੱਡੇ। ਊਧਮ ਸਿੰਘ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਬਹੁਤ ਜ਼ਿਆਦਾ ਪ੍ਰੇਮ ਕਰਿਆ ਕਰਦੇ ਸਨ। ਹੁਣ ਜਦੋਂ ਊਧਮ ਸਿੰਘ ਦੇ ਭਰਾ ਅਮਰ ਸਿੰਘ ਨੂੰ (ਸੰਤ ਪ੍ਰੀਤਮ ਸਿੰਘ ਜੀ ਚੇਲੇਕਿਆਂ ਵਾਲੇ ਵੀ ਇਹਨਾਂ ਦੇ ਸਕੇ ਭਰਾ ਸਨ) ਪਤਾ ਲੱਗਾ ਤਾਂ ਉਨ ਆਉਂਦਿਆਂ ਹੀ ਆਖਿਆ, "ਮੁਲਖਾ, ਪਰ੍ਹਾਂ ਹੋ ਜਾਹ।" ਜਦੋਂ ਇਹ ਘੋੜੇ ਵੱਲ ਵਧਿਆ ਤਾਂ ਘੋੜਾ ਵੀ ਊਧਮ ਸਿੰਘ ਨੂੰ ਮੂੰਹ ਵਿਚ ਪਾਈ ਬਾਂਹ ਤੋਂ ਹੀ ਚੁੱਕ ਕੇ ਅਮਰ ਸਿੰਘ ਨੂੰ ਸਿੱਧਾ ਹੋ ਗਿਆ। ਜਦੋਂ ਘੋੜਾ ਸਾਹਮਣੇ ਆਇਆ ਤਾਂ ਅਮਰ ਸਿੰਘ ਨੇ ਜਿਉਂ ਤੱਕ ਕੇ ਸੋਟਾ ਮਾਰਿਆ ਉਹ ਘੋੜੇ ਦੇ ਸਿਰ ਵਿਚ ਵੱਜਾ ਅਤੇ ਘੋੜਾ ਪੁੱਠਾ ਹੋ ਕੇ ਜਾ ਪਿਆ। ਸਤਿਗੁਰੂ ਜੀ ਨੂੰ ਖ਼ਬਰ ਹੋਈ। ਬਾਬੇ ਸੁਰਜਨ ਸਿੰਘ ਭੋਮੇ ਵਡਾਲੀਏ ਨਾਲ ਇਕ ਸਿੰਘ ਹੋਰ ਦੇ ਕੇ ਊਧਮ ਸਿੰਘ ਨੂੰ ਥੋਹੜੀ ਬਹੁਤ ਮਲ੍ਹਮ ਪੱਟੀ ਬਾਦ ਅੰਮ੍ਰਿਤਸਰ ਦੇ ਵੱਡੇ ਹਸਪਤਾਲ ਵਿਚ ਭੇਜ ਦਿਤਾ।

ਇੱਥੋਂ ਸਤਿਗੁਰੂ ਜੀ, ਸੰਤ ਆਲਾ ਸਿੰਘ ਹੋਰਾਂ ਦੇ ਨਗਰ, ਵਰਨ ਜ਼ਿਲ੍ਹਾ ਸ਼ੇਖੂਪੁਰਾ ਵਿਚ ਦਰਸ਼ਨ ਦਿਤੇ। ਇੱਥੋਂ ਆਪ ਨੇ ਘੋੜਿਆਂ ਵਾਲਿਆਂ ਦੇ ਦੋ ਜਥੇ ਕਰ ਦਿਤੇ। ਇਕ ਜਥੇ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਜਾਣ ਲਈ ਅਤੇ ਦੂਜੇ ਨੂੰ ਵੈਸਾਖੀ ਤੇ ਅੰਮ੍ਰਿਤਸਰ ਪੁੱਜਣ ਦਾ ਹੁਕਮ ਕੀਤਾ। ਸਤਿਗੁਰੂ ਜੀ ਆਪ ਰੇਲ ਗੱਡੀ ਦੁਆਰਾ ਅੰਮ੍ਰਿਤਸਰ ਪਹੁੰਚੇ। ਊਧਮ ਸਿੰਘ ਦੀ ਖ਼ਬਰ ਲਈ। ਡਾਕਟਰ ਆਖੇ ਕਿ ਇਹਦੀ ਬਾਂਹ ਘੋੜੇ ਨੇ ਬਹੁਤ ਚਿੱਥ ਘੱਤੀ ਹੈ। ਮੋਢੇ ਤੋਂ ਵੱਢਣੀ ਪਏਗੀ। ਸਤਿਗੁਰੂ ਜੀ ਨੇ ਕਿਹਾ ਕਿ ਭਾਵੇਂ ਮੇਰੀ ਕਿੰਨੀ ਵੀ ਮਾਇਆ ਲੱਗ ਜਾਵੇ, ਮੈਂ ਬਾਂਹ ਵੱਢਣ ਨਹੀਂ ਦੇਣੀ। ਇਲਾਜ ਨਾਲ ਬਚਾਉਣੀ ਹੈ। ਦੋ ਮਹੀਨਿਆਂ ਵਿਚ ਬਾਂਹ ਠੀਕ ਹੋ ਗਈ। ਫਿਰ ਊਧਮ ਸਿੰਘ ਭੈਣੀ ਸਾਹਿਬ ਡੇਰੇ ਆ ਗਿਆ। ਊਧਮ ਸਿੰਘ ਦਾ ਹੀ ਭਾਈ ਆਤਮਾ ਸਿੰਘ 'ਦਾਹੜੀ ਵੀ ਸੀ ਜੋ ਇਹਦੇ ਜਿਉਂ ਹੀ ਡੇਰੇ ਭੈਣੀ ਸਾਹਿਬ ਦੀ ਸੇਵਾ ਕਰਦਾ ਸੀ। ਊਧਮ ਸਿੰਘ, ਆਤਮਾ ਸਿੰਘ ਦਾਹੜੀ ਅਤੇ ਦਲੀਪ ਸਿੰਘ ਠੇਠਰਕਿਆਂ ਦਾ, ਇਹ ਤਿੰਨੇ ਪਹਿਲਾਂ ਊਠਾਂ ਵਿਚ ਬਾਬੇ ਸੁਰਜਨ ਸਿੰਘ ਜੀ ਦੀ ਅੜਦਲ ਵਿਚ ਸਨ। ਊਧਮ ਸਿੰਘ ਨੂੰ ਘੋੜਿਆਂ ਦਾ ਕੰਮ ਸਿਖਾ ਕੇ ਸਤਿਗੁਰੂ ਜੀ ਨੇ ਦਰੋਗਾ ਬਣਾ ਦਿਤਾ।

ਇਸ ਤੋਂ ਬਾਅਦ ਘੋੜਿਆਂ ਵਿਚੋਂ ਹਟਾ ਕੇ ਜਦੋਂ ਸਤਿਜੁਗ ਸ੍ਰੀ ਭੈਣੀ ਸਾਹਿਬੋਂ ਛਪਣਾ ਸ਼ੁਰੂ ਹੋਇਆ, ਪ੍ਰੈਸ ਵਿਚ ਲਾ ਦਿਤਾ। ਦਲੀਪ ਸਿੰਘ ਨੂੰ ਲੰਗਰ ਵਿਚ ਲਾ ਦਿਤਾ। ਆਤਮਾ ਸਿੰਘ ਹੋਰਾਂ ਦੀ ਮਾਈ ਬਿਰਧ ਸੀ ਉਹ ਛੁੱਟੀ ਲੈ ਕੇ ਪਿੰਡ ਚਲਾ ਗਿਆ। ਦਲੀਪ ਸਿੰਘ ਹਕੀਮ ਨੇ ਗੱਦੀ ਠੁਕਰਾਈ। ਦਲੀਪ ਸਿੰਘ ਨੂੰ ਹਕੀਮੀ ਸਿੱਖਣ ਦਾ ਸ਼ੌਂਕ ਸੀ। ਸਤਿਗੁਰੂ ਜੀ ਨੇ ਉਸ ਨੂੰ ਆਗਿਆ ਦੇ ਦਿਤੀ ਕਿ ਉਹ ਲਾਂਭੇ ਜਾ ਕੇ ਹਕੀਮੀ ਸਿੱਖ ਆਵੇ। ਇਸ ਨੇ ਫਿਰ ਸ੍ਰੀ ਅੰਮ੍ਰਿਤਸਰ ਜਾ ਕੇ, ਸੰਗਲ ਵਾਲੇ ਅਖਾੜੇ ਵਿਚ ਨਿਰਬਾਣ ਇਕ ਸਾਧੂ ਹਕੀਮ ਸੀ, ਸੱਤ ਸਾਲ ਉਸ ਦੀ ਪੂਰੀ ਸੇਵਾ ਕੀਤੀ। ਅੱਬਲ ਦਰਜੇ ਦਾ ਹਕੀਮ ਬਣਿਆ। ਕੁਝ

ਚਿਰ ਬਾਦ ਨਿਰਬਾਣ ਸੁਰਗਵਾਸ ਹੋ ਗਿਆ। ਅਖਾੜੇ ਦਿਆਂ ਸਾਧਾਂ ਨੇ ਇਕੱਠਿਆਂ ਹੋ ਕੇ ਭਾਈ ਦਲੀਪ ਸਿੰਘ ਨੂੰ ਆਖਿਆ ਕਿ ਨਿਰਬਾਣ ਜੀ ਦੀ ਤੁਸਾਂ ਬਹੁਤ ਸੇਵਾ ਕੀਤੀ ਹੈ। ਉਹਨਾਂ ਦੀ ਗੱਦੀ ਤੇ ਅਸੀਂ ਹੁਣ ਤੁਹਾਨੂੰ ਬੈਠਾਉਣਾ ਚਾਹੁੰਦੇ ਹਾਂ। ਸੋ ਤੁਸੀਂ ਕਛਹਿਰਾ ਉਤਾਰ ਦਿਓ ਅਤੇ ਉਦਾਸੀ ਭੇਖ ਵਿਚ ਆ ਜਾਓ। ਉਸ ਡੇਰੇ ਦੀ ਆਮਦਨੀ ਉਸ ਸਮੇਂ ਵੀ ਲੱਖਾਂ ਰੁਪਏ ਵਿਚ ਗਿਣੀ ਜਾਂਦੀ ਸੀ। ਦਲੀਪ ਸਿੰਘ ਨੇ ਸਿੱਖੀ ਨਹੀਂ ਛੱਡੀ ਅਤੇ ਮਾਇਆ ਨੂੰ ਠੋਕਰ ਮਾਰ ਦਿਤੀ। ਉਥੋਂ ਆਪਣਾ ਲੀੜਾ ਕੱਪੜਾ ਚੁੱਕ ਕੇ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਸੱਦੋਵਾਲ ਵਿਚ ਜਾ ਕੁਟੀਆ ਪਾਈ। 1947 ਈ. ਦੇ ਬਟਵਾਰੇ ਤੋਂ ਬਾਦ ਉਹ ਵੀ ਹੋਰਨਾਂ ਲੋਕਾਂ ਜਿਉਂ ਸ੍ਰੀ ਭੈਣੀ ਸਾਹਿਬ ਪੁੱਜਾ। ਭੈਣੀ ਸਾਹਿਬ 4-5 ਸਾਲ ਕੱਟ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਜੀਵਨ ਨਗਰ (ਜ਼ਿਲ੍ਹਾ ਹਿਸਾਰ ਹੁਣ ਸਿਰਸਾ) ਵਿਚ ਆ ਗਏ। ਫਿਰ ਆਖ਼ਰੀ ਸਮਾਂ ਸੰਤਾਂ ਵਾਲੀ ਪਿੰਡ ਵਿਚ ਸ. ਸਵਿੰਦਰ ਸਿੰਘ ਪਾਸ ਬਤੀਤ ਕੀਤਾ। ਇਹ ਸਭ ਕੰਬੋ ਸਿੰਘ ਵੀ ਹਕੀਮ ਹੋਰਾਂ ਦੇ ਪੁਰਾਣੇ ਮਿਲਤ ਗਿਲਤ ਵਾਲੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਕੀਮ ਜੀ ਤੇ ਬਹੁਤ ਕ੍ਰਿਪਾ ਸੀ। ਹਕੀਮ ਜੀ ਵੀ ਬਾਬੇ ਜੁਆਹਰ ਸਿੰਘ ਹੋਰਾਂ ਵਾਂਗ ਜਿਵੇਂ ਉਹ ਗੁਰੂ ਰਾਮ ਸਿੰਘ ਜੀ ਦੀ ਸ਼ਰਨ ਵਿਚ ਆ ਕੇ ਫਿਰ ਘਰ ਨਹੀਂ ਗਏ ਸਨ। ਇਸ ਤਰ੍ਹਾਂ ਤਾਉਮਰ ਮੁੜਕੇ ਘਰ ਵੱਲ ਮੂੰਹ ਨਹੀਂ ਕੀਤਾ। ਇਹਨਾਂ ਦਾ ਵਿਆਹ ਤਾਂ ਪਹਿਲਾਂ ਹੋਇਆ ਸੀ ਪਰ ਜਦੋਂ ਤੋਂ ਬਾਬੇ ਸੁਰਜਨ ਸਿੰਘ ਹੋਰਾਂ ਦੀ ਸੰਗਤ ਵਿਚ ਆਏ ਫਿਰ ਨਾ ਵਿਆਹ ਦਾ ਚੇਤਾ ਕੀਤਾ ਅਤੇ ਨਾ ਘਰ ਵੱਲ ਮੂੰਹ ਕੀਤਾ। ਇਹ ਗੁਰੂ ਹਰੀ ਸਿੰਘ ਵੇਲੇ ਦੇ ਸੂਰਮੇ ਸਿੰਘ ਮੱਲ ਸਿੰਘ ਠੇਠਰ ਕੇ ਦੇ ਪਿੰਡ ਦੇ ਹੀ ਸਨ। ਇਹਨਾਂ ਦੇ ਚਾਰ ਭਾਈ ਸਨ ਉਹ ਅਸੀਂ ਵੇਖਦੇ ਹੁੰਦੇ ਸਾਂ ਕਿ ਡੇਰੇ ਆ ਕੇ ਇਹਨਾਂ ਨੂੰ ਮਿਲ ਜਾਂਦੇ ਹੁੰਦੇ ਸਨ। ਇਸੇ ਪਿੰਡ ਦਾ ਹੀ ਇਕ ਗੁਲਾਬ ਸਿੰਘ ਸਾਧ ਵੀ ਸੀ, ਜਿਹੜਾ ਭੈਣੀ ਸਾਹਿਬ ਰਹਿੰਦਾ ਸੀ ਅਤੇ ਇਹਦੇ ਵਰ ਨਾਲ ਪੁੱਤਰ ਜੰਮਦੇ ਸਨ।

ਇਕ ਵੇਰ ਊਧਮ ਸਿੰਘ ਦੇ ਚਿੱਤ ਵਿਚ ਫੁਰਨਾ ਫੁਰਿਆ ਕਿ ਜੇ ਕਿਤੇ ਮੇਰਾ ਵਿਆਹ ਹੋ ਜਾਏ ਤਾਂ ਵਧੀਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜਿਹੜੀ ਵੀ ਉਹਦਾ ਸਿੱਖ ਮੰਗ ਕਰਦਾ ਸੀ, ਪੂਰੀ ਕਰਨ ਵਾਲਾ ਸਤਿਗੁਰੂ ਸੀ। ਊਧਮ ਸਿੰਘ ਦਾ ਅਨੰਦ ਕਾਰਜ ਹੋ ਗਿਆ ਅਤੇ 1985 ਬਿਕ੍ਰਮੀ ਵਿਚ ਉਹ ਆਪਣੇ ਪਿੰਡ ਚੇਲੇਕੀ ਚਲਾ ਗਿਆ। ਫਿਰ ਡੇਰੇ ਨਹੀਂ ਆਇਆ। ਆਪਣਾ ਕਾਰ ਵਿਹਾਰ ਕਰਦਾ ਹੈ ਅਤੇ ਅੱਜ ਕਲ੍ਹ (1962 ਈ:) ਆਪਣੇ ਨਗਰ ਚੇਲੇਕੇ ਵਿਚ ਬੜੇ ਠਾਠ ਨਾਲ ਵਸ ਰਿਹਾ ਹੈ ਅਤੇ ਆਏ ਗਏ ਸਿੱਖ ਸਾਧ ਦੀ ਸੇਵਾ ਕਰਦਾ ਹੈ।

ਬਾਬੇ ਸੁਰਜਨ ਸਿੰਘ ਹੋਰਾਂ ਦੀ ਜ਼ਾਹਰੀ ਕਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੱਸੀ ਸੀ। ਦੀਵਾਨ ਲੱਗਾ ਸੀ ਇਕ ਵੇਰ, ਤੇ ਬਹੁਤ ਵੱਟ ਲੱਗਾ ਹੋਇਆ ਸੀ। ਹਵਾ ਨਹੀਂ ਸੀ ਲੱਗ ਰਹੀ ਰਤੀ ਭਰ ਵੀ। ਬਾਬਾ ਜੀ ਮਸਤਾਨੇ ਹੋ ਗਏ। ਸੰਗਤ ਨੂੰ ਪੱਖਾ ਝੱਲਣ ਲੱਗ ਪਏ। ਮਸਤੀ ਵਿਚ ਬਚਨ ਕੀਤਾ, ਪਉਣ ਦੇਵਤਿਆ ਛੁੱਟ ਪਉ ਹੁਣ।" ਹਵਾ ਚੱਲਣ ਲੱਗ ਪਈ। ਸਭ ਦੀ ਤਨ ਮਨ ਦੀ ਗਰਮੀ ਦੂਰ ਹੋ ਗਈ।

**ਨਹਿਰ 'ਤੇ ਡੇਰਾ ਬਦਲਿਆ:**

ਪੂਨੀਆਂ ਵਾਲੇ ਜ਼ਿੰਮੀਦਾਰ ਜਿਹਨਾਂ ਨੇ ਨਹਿਰ ਵਾਲੇ ਡੇਰੇ ਦੀ ਜ਼ਮੀਨ ਦਿਤੀ ਸੀ। ਉਹ ਡੇਰੇ ਵਿਚ ਰੁੱਖ, ਅੰਬ ਵਗੈਰਾ ਦੇ ਲੱਗੇ ਵੇਖ ਕੇ ਅਤੇ ਮਕਾਨ ਬਣੇ ਵੇਖ ਕੇ ਆਪਣੇ ਈਮਾਨ ਤੋਂ ਥਿੜਕ ਗਏ ਅਤੇ ਜ਼ਮੀਨ ਖੋਹਣ ਵਾਸਤੇ ਉਹਨਾਂ ਸਤਿਗੁਰੂ ਜੀ ਉਤੇ ਲੁਧਿਆਣਾ ਕਚਹਿਰੀ ਵਿਚ ਮੁਕਦਮਾ ਕਰ ਦਿਤਾ। ਸ੍ਰੀ ਸਤਿਗੁਰੂ ਜੀ ਨੇ ਜ਼ਿਆਦਾ ਝਗੜੇ ਵਿਚ ਪੈਣਾ ਨਾ ਚਾਹਿਆ ਅਤੇ ਇਥੋਂ ਡੇਰਾ ਚੁੱਕ ਕੇ ਅੱਧ ਮੀਲ ਅਗਾਂਹ ਜਾ ਕੇ ਨਵਾਂ ਡੇਰਾ ਪਾ ਲਿਆ। ਸਤਿਗੁਰੂ ਜੀ ਜਿਸ ਡੇਰੇ ਤੇ ਪਹਿਲੋਂ ਨਿਤਨੇਮ ਕਰਦੇ ਸਨ ਤੜਕੇ ਪੌਣਾ ਮੀਲ ਤੁਰ ਕੇ ਉੱਥੇ ਪਹੁੰਚ ਕੇ ਨਿਤਨੇਮ ਕਰਦੇ। ਇਹ ਜਿਹੜਾ ਸਾਡਾ ਉਰਲਾ ਡੇਰਾ ਸੀ, ਇਹ ਰਿਖੀ ਕੇਸ਼ ਨਾਲ ਮੁਕਾਬਲਾ ਕਰਦਾ ਸੀ। ਰਿਖੀਕੇਸ਼ ਗੰਗਾ ਦੇ ਕੰਢੇ ਤੇ ਸੀ, ਇਹ ਸਤਲੁਜ ਦਰਿਆ ਦੀ ਧੀ, ਨਹਿਰ ਸਰਹਿੰਦ ਦੇ ਕੰਢੇ 'ਤੇ ਵਸਿਆ ਸੀ। ਇਸ ਡੇਰੇ ਦੀ ਮਹੱਤਤਾ ਹਰਦੁਆਰ ਆਦਿਕ ਤੀਰਥਾਂ ਤੋਂ ਵੀ ਵੱਧ ਹੈ। ਜਿਸ ਦੇ ਕੰਢੇ ਸਤਿਗੁਰੂ ਜੀ ਨੇ ਤਪ ਕੀਤਾ। ਇੱਥੋਂ ਡੇਰਾ ਰੱਤੇ ਹੋਏ ਦੇ ਹੋਲੇ ਸਮੇਂ ਚੁਕਿਆ ਗਿਆ ਸੀ 1973 ਬਿਕ੍ਰਮੀ ਮੁਤਾਬਿਕ 1917 ਈ. ਵਿਚ।

**ਮਹੰਤ ਕੇਸਰ ਸਿੰਘ ਮਜਾਬ**

ਹੁਣ ਸਤਿਗੁਰੂ ਜੀ ਨੇ ਨਿਤਨੇਮ ਚਾਲ੍ਹੀਆ ਕਰਕੇ ਦੀਪਮਾਲਾ ਤੇ ਅੰਮ੍ਰਿਤਸਰ ਪੁੱਜਣ ਲਈ ਦੌਰਾ ਫਿਰ ਅਰੰਭ ਕਰ ਦਿਤਾ। ਦੀਵਾਲੀ ਤੇ ਸਾਰੀ ਸੰਗਤ ਊਠਾਂ ਘੋੜਿਆਂ ਵਾਲੇ ਅਤੇ ਹੋਰ ਜਥਿਆਂ ਵਾਲੇ ਪੁੱਜ ਗਏ। ਪੂੰਗਾਂ ਵਾਲੇ ਸੰਤ ਸੁੰਦਰ ਸਿੰਘ ਹੋਰਾਂ ਨਾਲ, ਮਹੰਤ ਕੇਸਰ ਸਿੰਘ ਪਿੰਡ ਮਜਾਧ (ਜ਼ਿਲ੍ਹਾ ਸਿਆਲਕੋਟ) ਵੀ ਉਹਨਾਂ ਦੇ ਜਥੇ ਵਿਚ ਸੀ।

**ਚਲਦਾ.....**

# Different Singing styles of Gurbani Sangeet



**Dr. Gurdeep Singh Sandhu**
Lovely Professional University, Phagwara
94172-66056

The Bani of Sri Guru Granth Sahib is a basic and fundamental source of GurbaniSangeet, Sikh Gurus, right from Guru Nanak Dev ji have developed this tradition as an essential part of the Sikh way of life. In the Bani of Sri Guru Granth Sahib, both classical and folk styles have been applied for the spiritual communication by the Sikh Gurus. We can clearly study many examples within the Raagas, singing styles and conventional kirtan presentations.

In Sri Guru Granth Sahib, to indicate these different singing styles, particular mention has been given in the title of each Bani indicating the singing style such as Ashtpadi ,Chaupade , Dupade , Tipade, Parhtaal , etc. These poetic forms of Bani also have their own traditional singing style. In the Bani arrangement of Sri Guru Granth Sahib, it has been scientifically laid out.

**Classical Singing Style**

**Pade**

Pade, is a classical singing style of Gurbani Sangeet. In Sri Guru Granth Sahib, the different compositions have been assigned the indication Chaupade, Dupade and Tipade in the title, meaning Shabad composition consisting of four couplets, two couplets and three couplets, respectively. These Shabads have also been assigned the composition of Rahao , and different digits known as Ank , 1,2,3,4. We can Summarise from this compositional analysis, using the musicology of Sri Guru Granth Sahib as our base that these compositions should be sung in Dhrupad manner. In Classical music, the four parts of a Dharupad compositions are Sthai ,Antraa , Sanchari , Aabhog . In these compositions, Rahao and different couplets marked by the different digits set a scientific format for this style of singing.

**Ashtpadi**

Amongst these singing styles, Ashtpadi is a classical style of music having eight pade in a composition. In the Medieval period, Saints and Bhagatas recited their Bani in this style. Ashtpadi as a Prabandh style of singing. Bhagat Jaidev of Bengal is a prominent name who composed his famous creation Geet Govind in this style and along with the other Sikh Gurus, saints and Bhagatas, the two ashtpadis of Jaidev have also been included in Sri Guru Granth Sahib. These Ashtpadi compositions are in Raag Gujri and Maru.

In Sri Guru Granth Sahib, Guru Nanak Dev, Guru Amar Dass, Guru Ram Dass, Guru Arjun Dev, Bhagat Ravidas, Bhagat Kabir and Sheikh Farid have composed their Bani in this style.

**Parhtal**

The third prominent classical singing style of Gurbani Sangeet is Parhtal. In Indian Music literature, there is no mention of this style. So, this is an original and unique style for all purposes of Gurbani Sangeet, the sole creation of Guru Ram Dass ji and Guru Arjun Dev ji who recited 55 Parhtal *(Guru Granth Sahib Page 408, 980, 1200 etc.)* compositions in various Raagas. This is a unique style of classical music which is being developed in the tradition of vocal music having single composition in different talas.

**Folk Singing Styles**

